# ਲੇਪਾਲਕਪਣ 3

...-ਭਾਈ ਨੇਵਿਲ। ਸਵੇਰ ਮੁਬਾਰਕ ਹੋਵੇ, ਜਮਾਤੀਓ। ਅਸੀਂ ਦੁਬਾਰਾ ਵਾਪਸ ਆ ਕੇ ਤੁਹਾਨੂੰ ਪ੍ਰਭੂ ਯਿਸੂ ਮਸੀਹ ਦੇ ਸਰਬ-ਭਰਪੂਰ ਨਾਮ ਵਿਚ ਦੁਬਾਰਾ ਮਿਲ ਕੇ ਖੁਸ਼ ਹਾਂ। ਇਹ ਵਿਸ਼ਵਾਸ ਕਰਦਿਆਂ ਕਿ ਤੁਹਾਡੇ ਕੋਲ ਉਸਦੀਆਂ ਪ੍ਰਸੰਸਾ ਅਤੇ ਅਸੀਸਾਂ ਦਾ ਇੱਕ ਵਧੀਆ ਹਫਤਾ ਰਿਹਾ ਹੈ।

2 ਬੱਸ ਅੱਜ ਸਵੇਰੇ ਆਉਂਦਿਆਂ ਹੀ, ਮੈਂ ਉਥੇ ਇੱਕ ਛੋਟੇ ਮੁੰਡੇ ਨੂੰ ਮਿਲਿਆ ਅਤੇ ਉਸਨੇ ਮੈਨੂੰ ਦੋ ਛੋਟੇ ਬੱਚਿਆਂ ਦੀ ਦੇਖਭਾਲ ਕਰਨ ਵਾਲੇ ਸਰਪ੍ਰਸਤ ਦੂਤ ਦੀ ਇੱਕ ਤਖ਼ਤੀ ਦਿੱਤੀ। ਅਤੇ ਮੈਨੂੰ ਨਹੀਂ ਪਤਾ ਸੀ ਕਿ ਇਹ ਡੌਲਟਨ ਸੀ, ਡੌਲਟਨ ਦਾ ਛੋਟਾ ਮੁੰਡਾ ਸੀ।

3 ਅਤੇ ਇੱਥੇ ਕੁਝ ਹਫ਼ਤੇ ਪਹਿਲਾਂ, ਜਾਂ ਕੁਝ...ਦੋ ਕੁ ਹਫ਼ਤੇ ਪਹਿਲਾਂ, ਇਕ ਪਿਤਾ, ਮਸੀਹੀ ਪਿਤਾ ਸੀ, ਆਪਣੀ ਕਿਸ਼ੋਰੀ ਧੀ ਲਈ ਮੰਗਿਆ ਜੋ ਅਜੇ ਇਕ ਮਸੀਹੀ ਨਹੀਂ ਸੀ, ਜਦੋਂ ਉਹ ਪ੍ਰਾਰਥਨਾ ਲਾਈਨ ਵਿਚ ਖੜ੍ਹਾ ਸੀ। ਅਤੇ ਪਵਿੱਤਰ ਆਤਮਾ ਨੇ ਕਿਹਾ, "ਮੈਂ—ਮੈਂ ਤੁਹਾਨੂੰ ਤੁਹਾਡੀ ਬੱਚੀ ਦਿੰਦਾ ਹਾਂ।" ਅਤੇ ਅੱਜ ਸਵੇਰ ਉਹ ਇਥੇ ਹੈ, ਬਚਾ ਲਈ ਗਈ ਹੈ ਅਤੇ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲਿਆ ਹੈ, ਇਸ ਮੰਚ ਤੇ ਬੈਠੀ ਹੋਈ ਹੈ, ਠੀਕ ਉਸੇ ਤਰ੍ਹਾਂ ਜਿਵੇਂ ਪਵਿੱਤਰ ਆਤਮਾ ਨੇ ਕਿਹਾ ਸੀ। ਅਤੇ ਹੋਰ ਸਾਰੇ ਬੱਚੇ ਆਲੇ ਦੁਆਲੇ ਬੈਠੇ ਹੋਏ ਹਨ। ਮੈਂ ਜਾਣਦਾ ਹਾਂ ਕਿ ਡੌਲਟਨ ਪਰਿਵਾਰ ਖੁਸ਼ ਹੈ।

4 ਉਸ ਛੋਟੀ ਔਰਤ ਨੂੰ ਵੇਖੋ ਜਿਸ ਦੇ ਬਾਲਕ ਲਈ ਉਹਨਾਂ ਪਿੱਛਲੇ ਐਤਵਾਰ ਪ੍ਰਾਰਥਨਾ ਕੀਤੀ ਸੀ, ਸੋਚਿਆ ਕਿ ਉਹ ਮਰ ਜਾਵੇਗਾ। ਮੈਂ ਵੇਖਦਾ ਹਾਂ ਕਿ ਇਹ ਅੱਜ ਵੀ ਸਾਡੇ ਨਾਲ ਹੈ, ਅਤੇ ਅਸੀਂ ਇਸ ਲਈ ਬਹੁਤ ਖੁਸ਼ ਹਾਂ, ਭੈਣ। ਉਹਨਾਂ ਸੋਚਿਆ ਕਿ ਉਸ ਨੂੰ ਮਾਸਪੇਸ਼ੀਆਂ ਦਾ ਵਿਕਾਰ ਹੈ, ਪਰ ਉਸ ਨੂੰ ਇਹ ਨਹੀਂ ਸੀ। ਇਸ ਲਈ ਅਸੀਂ ਬਹੁਤ ਸ਼ੁਕਰਗੁਜ਼ਾਰ ਹਾਂ।

5 ਸਾਡੇ ਸਾਰੇ ਚੰਗੇ ਦੋਸਤਾਂ ਨੂੰ ਵੇਖੋ। ਮੈਨੂੰ ਯਾਦ ਹੈ ਕਿ ਇਹ ਆਦਮੀ ਇੱਥੇ ਇਕ ਵਾਰ ਸ਼ਟੋਕੁਆ ਵਿਖੇ—ਵਿਖੇ ਇਕ ਵਿਸ਼ੇਸ਼ ਇੰਟਰਵਿਊ ਲਈ ਮੇਰੇ ਕੋਲ ਆਇਆ ਸੀ, ਮੈਨੂੰ ਵਿਸ਼ਵਾਸ ਹੈ ਕਿ ਇਹ ਸੀ। ਮੈਂ ਤੁਹਾਡੇ ਅਤੇ ਤੁਹਾਡੀ ਪਤਨੀ ਅਤੇ ਬੱਚਿਆਂ ਨਾਲ ਨਾਸ਼ਤਾ ਕੀਤਾ, ਮੈਨੂੰ ਯਕੀਨ ਹੈ...ਜਾਂ ਤੁਸੀਂ ਅਤੇ ਤੁਹਾਡੀ ਪਤਨੀ, ਜਾਂ ਬੱਚੇ, ਵੀ, ਹਾਂ। [ਇੱਕ ਭਾਈ ਕਹਿੰਦਾ ਹੈ, "ਮਿਡਲਟਾਉਨ।"—ਸੰਪਾਦਕ।] ਮਿਡਲਟਾਉਨ, ਵਿੱਚ...ਪਰ ਅਸੀਂ ਸਾਰੇ...ਮੈਂ ਉਹ ਨਾਮ ਭੁੱਲ

ਜਾਂਦਾ ਹਾਂ, ਇਸ ਲਈ ਮੈਂ ਇਸਨੂੰ ਸ਼ਟੋਕੁਆ ਕਹਿੰਦਾ ਹਾਂ। ਹਾਂ, ਸ਼੍ਰੀਮਾਨ। ਮੇਰੇ ਬਹੁਤ ਸਾਰੇ ਚੰਗੇ ਦੋਸਤ।

6 ਭਾਈ ਚਾਰਲੀ ਕੌਕਸ ਅਤੇ ਭੈਣ ਨੈਲੀ ਇਥੇ ਹਨ, ਜੋ ਮੇਰੇ ਲਈ ਦੂਜਾ ਘਰ ਰਿਹਾ ਹੈ, ਅਤੇ ਤੁਸੀਂ ਹੋਰ ਕੋਈ ਨਹੀਂ ਪਰ ਮੇਰੇ ਆਪਣੇ ਹੀ ਬੱਚੇ ਹੋ। ਮੈਂ ਉਥੇ ਜਾਂਦਾ ਹਾਂ, ਇਹੀ ਉਹ ਥਾਂ ਹੈ ਜਿਥੇ ਮੈਂ ਜਿਆਦਾ ਸਮਾਂ ਆਰਾਮ ਕਰਨ ਵਿੱਚ ਬਿਤਾਉਂਦਾ ਹਾਂ, ਇਹ ਉਹੀ ਥਾਂ ਹੈ। ਜਦੋਂ ਮੈਂ ਇੰਡੀਆਨਾ ਵਿਚ ਹੁੰਦਾ ਹਾਂ ਤਾਂ ਉਹ ਕੈਂਟਕੀ ਵਿਚ ਸਭ ਤੋਂ ਉੱਤਮ ਕਾਟੋ ਸ਼ਿਕਾਰੀ ਹੁੰਦਾ ਹੈ। ਅਤੇ ਇਸ ਲਈ ਇੰਡੀਆਨਾ...ਅਤੇ ਚਾਰਲੀ, ਮੈਂ ਤੁਹਾਨੂੰ ਦੱਸ ਰਿਹਾ ਹਾਂ ਮੈਂ ਬੱਸ ਉਡੀਕ ਰਿਹਾ ਹਾਂ, ਮੈਨੂੰ ਮਹਿਸੂਸ ਹੋ ਰਿਹਾ ਹੈ ਕਿ ਮੈਨੂੰ ਉਥੇ ਸ਼ੁਰੁਆਤ ਕਰਨ ਤੋਂ ਪਹਿਲਾਂ ਕੁਝ ਕਰੈਪੀ ਜਾਂ ਧਾਰੀਦਾਰ ਮੱਛੀਆ ਫੜਨੀਆਂ ਚਾਹੀਦੀਆਂ ਹਨ। ਮੈਂ ਬਸ ਸੱਚਮੁੱਚ ਮਹਿਸੂਸ ਕਰਦਾ ਹਾਂ ਕਿ ਮੈਂ ਇਸ ਨੂੰ ਬਹੁਤ ਸਾਰੀ ਮਾਤਰਾ ਵਿੱਚ ਫੜਾਂ।

7 ਭਾਈ ਪਾਰਨੇਲ...ਪਾਰ-...ਅਰਨੇਟ, ਲੂਸਿ-...ਦੱਖਣੀ ਕੈਰੋਲਿਨਾ ਤੋਂ। ਅਤੇ ਭਾਈ...ਖੈਰ, ਇੱਥੇ ਬਹੁਤ ਸਾਰੇ ਵੱਖੋ ਵੱਖਰੀਆਂ ਥਾਵਾਂ ਤੋਂ ਹਨ, ਜੋ ਕਿ ਅੱਜ ਸਵੇਰੇ ਸਾਨੂੰ ਮਿਲਣ ਲਈ ਆਏ ਹਨ।

8 ਤੁਹਾਨੂੰ ਪਤਾ ਹੈ, ਸਾਡੀ ਇੱਥੇ ਕੋਈ ਨਿਯਮਤ ਸੱਦਸਤਾ ਨਹੀਂ ਹੈ। ਅਸੀਂ ਬੱਸ ਇੱਕ ਦੂਸਰੇ ਨਾਲ ਸੰਗਤ ਕਰਦੇ ਹਾਂ, ਜਦ ਕਿ ਯਿਸੂ ਮਸੀਹ ਦਾ ਲਹੂ, ਪਰਮੇਸ਼ੁਰ ਦਾ ਪੁੱਤਰ, ਸਾਨੂੰ ਸਾਰੀਆਂ ਬੁਰਾਈਆਂ ਤੋਂ ਸਾਫ ਕਰਦਾ ਹੈ।

9 ਹੁਣ, ਅਸੀਂ ਸ਼ਾਨਦਾਰ ਅਧਿਐਨ ਕਰ ਰਹੇ ਹਾਂ, ਬੱਸ ਸ਼ਾਨਦਾਰ। ਅਤੇ ਅਸੀਂ ਹਾਂ, ਘੱਟੋ ਘੱਟ ਮੈਂ...ਜਾਣਦਾ ਹਾਂ ਕਿ ਮੈਂ ਇਸਦਾ ਅਨੰਦ ਲੈ ਰਿਹਾ ਹਾਂ, ਅਤੇ ਮੈਨੂੰ ਪਤਾ ਹੈ ਕਿ ਤੁਸੀਂ ਸਾਰੇ ਵੀ ਇਸਦਾ ਅਨੰਦ ਲੈ ਰਹੇ ਹੋ। ਮੈਂ ਕਈ ਵਾਰ ਦਿਨ ਵਿੱਚ ਸ਼ੁਰੁਆਤ ਕਰਦਾ ਹਾਂ, ਇਸ ਬਾਰੇ ਬੋਲਣ ਜਾਂ ਇਸ ਬਾਰੇ ਪੜ੍ਹਨ ਲਈ, ਮੈਨੂੰ ਲਗਭਗ ਦੋ ਆਇਤਾਂ ਮਿਲਦੀਆਂ ਹਨ ਅਤੇ ਮੈਂ ਲਿਖਤਾਂ ਦੁਆਰਾ ਅਰੰਭ ਕਰਦਾ ਹਾਂ ਅਤੇ, ਤੁਸੀਂ ਜਾਣਦੇ ਹੋ ਸਭ ਤੋਂ ਪਹਿਲਾਂ, ਮੈਂ ਉਤਪਤ ਤੋਂ ਲੈ ਕੇ ਪਰਕਾਸ਼ ਦੀ ਪੋਥੀ ਤੱਕ ਗਿਆ ਹਾਂ, ਅਜੇ ਵੀ ਜਾ ਰਿਹਾ ਹਾਂ।

10 ਅਤੇ, ਤੁਸੀਂ ਜਾਣਦੇ ਹੋ, ਮੈਂ ਇੱਕ ਸਮਾਂ ਲੈਣਾ ਚਾਹਾਂਗਾ ਜਿੱਥੇ ਅਸੀਂ—ਜਿੱਥੇ ਅਸੀਂ ਇਬਰਾਨੀਆਂ ਦੀ—ਦੀ ਕਿਤਾਬ ਤੇ ਜਾ ਸਕਦੇ ਹਾਂ, ਅਤੇ ਇਸ ਨੂੰ ਇਸ ਤਰ੍ਹਾਂ ਲਵਾਂਗੇ...ਖੈਰ, ਜੱਦ ਗਾਲ੍ਹੜਾਂ ਦੀ ਰੁੱਤ ਆਵੇਗੀ, ਜਿਵੇਂ ਸਿਤੰਬਰ-...ਲਗਭਗ ਅਕਤੂਬਰ-...ਅਗਸਤ, ਤੁਹਾਨੂੰ ਪਤਾ ਹੈ, ਅਤੇ ਤੱਦ ਤਕ ਜਾਰੀ ਰਖਾਂਗਾ ਜੱਦ ਤਕ ਵਿਦੇਸ਼ ਜਾਣ ਦਾ ਸਮਾਂ ਨਾ ਆ ਜਾਵੇ, ਬੱਸ ਹਰੇਕ ਰਾਤ ਇਬਰਾਨੀਆਂ ਦੀ ਕਿਤਾਬ ਉੱਤੇ, ਜਾਂ ਕੂਚ ਦੀ ਕਿਤਾਬ। ਕਿਵੇਂ ਪਰਮੇਸ਼ੁਰ,

ਕੂਚ ਵਿੱਚ, ਆਪਣੇ ਲੋਕਾਂ ਨੂੰ ਮਿਸਰ ਵਿਚੋਂ ਬਾਹਰ ਲਿਆਉਂਦਾ ਹੈ, ਇੱਕ ਕੂਚ! ਇਹ ਉਸਦੀ ਬਹੁਤ ਸੁੰਦਰ ਮਿਸਾਲ ਹੈ ਜਿਵੇਂ ਅਸੀਂ ਹੁਣ ਆਪਣੇ ਕੂਚ ਲਈ ਤਿਆਰ ਹੋ ਰਹੇ ਹਾਂ। ਇਹ ਹੈ, ਔਹ, ਇਹ ਇਕ ਖੂਬਸੂਰਤ ਚੀਜ਼ ਹੈ। ਸਾਰੀਆਂ ਲਿਖਤਾਂ ਆਪਸ ਵਿਚ ਗੰਢ ਜਾਂਦੀਆਂ ਹਨ, ਅਤੇ ਇਹ ਇਕ ਵੱਡੀ ਕਹਾਣੀ ਹੈ।

11 ਹੁਣ, ਅੱਜ ਸਵੇਰ ਅਸੀਂ—ਅਸੀਂ ਅਜੇ ਵੀ...ਦੀ ਕਿਤਾਬ ਵਿੱਚ ਹਾਂ ਅਸੀਂ ਅਫ਼ਸੀਆਂ ਦੀ—ਦੀ ਕਿਤਾਬ ਦੇ ਪਹਿਲੇ ਤਿੰਨ ਅਧਿਆਇ ਲੈਣ ਜਾ ਰਹੇ ਸੀ। ਪੌਲੁਸ ਦਾ ਅਫ਼ਸੀਆਂ ਨੂੰ ਖੱਤ ਜੋ ਅਫਸੁਸ ਵਿਚ ਸੀ, ਕਲੀਸਿਯਾ ਨੂੰ ਉਸ ਦੇ ਸਥਾਨ ਤੇ ਰੱਖਣ ਦੀ ਕੋਸ਼ਿਸ ਕਰ ਰਿਹਾ ਸੀ। ਅਤੇ ਇਸ ਦੇ ਨੇੜੇ ਜਾਣ ਤੋਂ ਪਹਿਲਾਂ, ਕੀ ਅਸੀਂ ਪ੍ਰਾਰਥਨਾ ਕਰਨ ਲਈ ਇਕ ਜਾਂ ਦੋ ਪਲ ਹੋਰ ਲੈ ਸਕਦੇ ਹਾਂ, ਸ਼ੁਰੂ ਕਰਨ ਤੋਂ ਪਹਿਲਾਂ।

12 ਹੇ ਪ੍ਰਭੂ, ਸਾਡੇ ਪਰਮੇਸ਼ੁਰ, ਅਸੀਂ ਹੁਣ ਤੇਰੀ ਹਜ਼ੂਰੀ ਵਿਚ ਆ ਰਹੇ ਹਾਂ, ਜਿੰਨੇ ਅਸੀਂ ਅਯੋਗ ਹਾਂ, ਫਿਰ ਵੀ ਅਸੀਂ ਜਾਣਦੇ ਹਾਂ ਕਿ ਇੱਥੇ ਲਹੂ ਦੀ ਕੁਰਬਾਨੀ ਉਡੀਕ ਰਹੀ ਹੈ, ਸਾਨੂੰ ਹਰ ਅਸ਼ੁੱਧਤਾ ਤੋਂ ਸ਼ੁੱਧ ਕਰਦੀ ਹੈ, ਅਤੇ ਸਾਨੂੰ ਪਿਤਾ ਦੇ ਅੱਗੇ ਪੇਸ਼ ਕਰਦੀ ਹੈ, ਨਿਰਦੋਸ਼, ਦੋਸ਼ ਰਹਿਤ। ਇਸ ਦੇ ਯੋਗ ਹੋਣ ਲਈ ਅਸੀਂ ਕੁਝ ਨਹੀਂ ਕਰ ਸਕਦੇ ਸੀ। ਪਰ ਕਿਉਂਕਿ ਯਿਸੂ ਨੇ ਸਾਡੇ ਲਈ ਇਹ ਕੀਤਾ ਹੈ, ਅਸੀਂ ਉਸਦੀ ਹਜ਼ੂਰੀ ਅਤੇ ਉਸ ਦੇ ਨਾਮ ਅੱਗੇ ਨਿਮਰਤਾ ਨਾਲ ਝੁਕਦੇ ਹਾਂ, ਇਹ ਮੰਗਦੇ ਹੋਏ ਕਿ ਤੁਸੀਂ ਅੱਜ ਸਵੇਰੇ ਸਾਡੇ ਵਿਚਕਾਰ ਪਵਿੱਤਰ ਆਤਮਾ ਭੇਜ ਦਿਓਗੇ। ਅਤੇ ਕਿਸੇ ਧਰਮ ਸ਼ਾਸਤਰੀ ਵਾਂਗ ਨਹੀਂ ਜਾਂ ਇਹ ਨਹੀਂ ਪਤਾ ਕਿ ਲਿਖਤਾਂ ਨੂੰ ਕਿਵੇਂ ਕ੍ਰਮ ਵਿੱਚ ਰੱਖਣਾ ਹੈ, ਪਰ ਕੇਵਲ ਪਵਿੱਤਰ ਆਤਮਾ ਦੇ ਅਹਿਸਾਸ ਲਈ ਉਤਸ਼ਾਹਿਤ ਅਤੇ ਸ਼ੁਕਰਗੁਜ਼ਾਰ ਹਾਂ ਜਦਕਿ ਇਹ ਮੇਰੇ ਵਿਚੋਂ ਲੰਘਦਾ ਹੈ, ਜਿਵੇਂ ਅਸੀਂ ਤੇਰੇ ਲਿਖੇ ਵਚਨ ਨੂੰ ਪੜ੍ਹਦੇ ਹਾਂ ਇਹ ਸਾਨੂੰ ਸਭਨਾਂ ਨੂੰ ਆਸ਼ੀਸ਼ ਦਵੇ, ਤਾਂ ਜੋ ਇਹ ਸਾਡੇ ਲਈ ਅਨੰਤ ਜੀਵਨ ਬਣ ਜਾਵੇ। ਇਹ ਬਖਸ ਦੇ, ਪਿਤਾ। ਅਸੀਂ ਇਸ ਨੂੰ ਯਿਸੂ ਦੇ ਨਾਮ ਅਤੇ ਉਸ ਦੇ ਲਈ ਮੰਗਦੇ ਹਾਂ। ਆਮੀਨ।

13 ਹੁਣ ਮੈਂ ਇਥੇ ਆਖ ਦਿੰਦਾ ਹਾਂ, ਪਹਿਲੀ ਗਲ, ਕਿ ਜੇ ਮੈਂ ਕਿਸੇ ਵੀ ਸਮੇਂ ਕੁਝ ਅਜਿਹਾ ਕਹਾਂ ਜਿਸ ਨਾਲ ਸਹਿਮਤ ਨਹੀਂ ਹੋਇਆ ਜਾ ਸਕਦਾ, ਬੱਸ ਸਹੀ ਨਾ ਲਗੇ, ਜਾਂ ਹੋ ਸਕਦਾ ਹੈ ਕਿ ਤੁਹਾਡੀ ਸਿੱਖਿਆ ਅਨੁਸਾਰ ਬਿਲਕੁਲ ਹੀ ਗਲਤ ਹੋਵੇ, ਜਾਂ ਕੁਝ ਅਜਿਹਾ ਜਿਸ ਨਾਲ ਤੁਸੀਂ ਸਹਿਮਤ ਨਹੀਂ ਹੋ ਸਕਦੇ, ਮੈਂ ਪਵਿੱਤਰ ਆਤਮਾ ਤੇ ਭਰੋਸਾ ਕਰ ਰਿਹਾ ਹਾਂ, ਕਿ ਉਹ ਇਸ ਨੂੰ ਇੰਨਾ ਦਿਲਚਸਪ ਅਤੇ ਮਿੱਠਾ ਬਣਾ ਦੇਵੇਗਾ ਜਦ ਤੱਕ ਕੋਈ...ਕੋਈ ਠੋਕਰ ਨਾ

ਖਾਵੇ। ਸਮਝੇ? ਇਹ ਹੋਵੇਗਾ—ਇਹ ਪ੍ਰੇਮ ਅਤੇ ਸੰਗਤੀ ਰਾਹੀਂ ਹੋਵੇਗਾ, ਇਹੀ ਹੈ ਜੋ ਇਹ ਹੈ...ਇਸ ਦਾ ਇਹੀ ਅਰਥ ਸੀ।

14 ਅਤੇ ਇਹ ਸਭ ਪਿਛਲੇ ਐਤਵਾਰ ਦੇ ਉਪਦੇਸ਼ ਨਾਲ ਅਰੰਭ ਹੋਇਆ ਸੀ, ਮੇਰਾ ਵਿਸ਼ਵਾਸ ਹੈ ਕਿ ਇਹ ਸੀ, ਪਿਛਲੇ ਐਤਵਾਰ ਦੀ ਸਵੇਰ ਨੂੰ, *ਰੱਦਿਆ ਹੋਇਆ ਰਾਜਾ* ਤੋਂ। ਕੀ ਅਜੇ ਤੱਕ ਕਿਸੇ ਨੂੰ ਟੇਪ ਮਿਲੀ ਹੈ? ਮੇਰੇ ਖਿਆਲ ਨਾਲ ਉਹ ਉਨ੍ਹਾਂ ਨੂੰ ਮਿਲ ਗਈਆਂ ਹਨ, ਅਤੇ ਜੇ ਤੁਹਾਡੀ ਇੱਛਾ ਹੈ ਤਾਂ ਤੁਸੀਂ ਉਨ੍ਹਾਂ ਨੂੰ ਪ੍ਰਾਪਤ ਕਰ ਸਕਦੇ ਹੋ, *ਰੱਦਿਆ ਹੋਇਆ ਰਾਜਾ।*

15 ਹੁਣ ਸਿਰਫ ਕੁਝ ਦਿਨ ਹਨ ਅਤੇ ਅਸੀਂ ਸ਼ੁਰੂਆਤ ਕਰਾਂਗੇ... ਮਿਡਲਟਾਊਨ, ਓਹੀਓ ਵਿਖੇ। ਅਸੀਂ ਸਾਰੇ ਚਾਹੁੰਦੇ ਹਾਂ ਜੋ ਉਹਨਾਂ—ਉਹਨਾਂ ਦੀਆਂ ਛੁੱਟੀਆਂ ਉਸ ਸਮੇਂ ਲਈ ਹੋਣ ਤਾਂ ਜੋ ਉਥੇ ਸਾਡੇ ਨਾਲ ਮਿਲਣਾ ਨਿਸਚਿਤ ਹੋ ਸਕੇ, ਕਿਉਂਕਿ ਅਸੀਂ ਮਿਡਲਟਾਊਨ, ਓਹੀਓ ਵਿਖੇ ਇਕ ਵਧੀਆ ਸੰਗਤ ਦੀ ਉਮੀਦ ਕਰ ਰਹੇ ਹਾਂ। ਮੈਂ ਸੋਚਦਾ ਹਾਂ, ਡਾਕਟਰ ਸੁਲੀਵਨ, ਕਮੇਟੀ ਦਾ ਪ੍ਰਧਾਨ ਹੈ। ਅਤੇ ਉਥੇ ਪੰਜ ਰਾਤਾਂ ਦੀਆਂ ਸਭਾਵਾਂ ਹੋਣਗੀਆਂ, ਮੈਂ ਅੰਤਰ ਨਾਮਧਾਰੀ ਕਲੀਸਿਯਾ ਦੇ ਅੰਤਰਰਾਸ਼ਟਰੀ ਸੰਮੇਲਨ ਵਿੱਚ ਮਹਿਮਾਨ ਬੁਲਾਰੇ ਵਜੋਂ ਪ੍ਰਚਾਰ ਕਰਾਂਗਾ। ਅਤੇ ਫਿਰ—ਫਿਰ ਉਸ ਤੋਂ ਬਾਅਦ, ਉਸ ਸਮੇਂ ਤੋਂ ਸਾਡੀ ਆਪਣੀ ਸਭਾ ਹੋਵੇਗੀ। ਅਸੀਂ ਇਸ ਨੂੰ ਬਾਰ੍ਹਵੀਂ ਤਰੀਕ ਤਕ ਰਖਿਆ ਹੈ, ਪਰ ਇਹ ਸਮਝ ਰਹੇ ਹਾਂ ਕਿ ਉਸ ਤੋਂ ਬਾਅਦ ਅਸੀਂ ਇੱਕ ਹਫਤੇ ਲਈ ਹੋਰ ਅੱਗੇ ਜਾ ਸਕਦੇ ਹਾਂ, ਕੇਵਲ ਇਸ ਤੇ ਨਿਰਭਰ ਕਰਦਾ ਹੈ ਕਿ ਪਵਿੱਤਰ ਆਤਮਾ ਕਿਸ ਤਰ੍ਹਾਂ ਅਗਵਾਈ ਕਰਦਾ ਹੈ। ਅਸੀਂ ਸਾਰੇ ਆਤਮਾ ਦੀ ਅਗਵਾਈ ਵਿੱਚ ਚੱਲਣਾ ਚਾਹੁੰਦੇ ਹਾਂ; ਬੱਸ ਉਹੀ ਜੋ ਆਤਮਾ ਕਰਨ ਲਈ ਕਹਿੰਦੀ ਹੈ, ਫਿਰ ਇਸ ਨੂੰ ਛੇਤੀ ਨਾਲ ਕਰਨਾ।

16 ਅਤੇ ਯਾਦ ਰੱਖਣਾ ਜਦੋਂ ਅਸੀਂ ਆਤਮਾ ਦੀ ਆਗਿਆਕਾਰੀ ਕਰ ਰਹੇ ਹਾਂ, ਇੱਕ ਮਹਾਨ ਸਬਕ ਜੋ ਅਸੀਂ ਸਿੱਖਣਾ ਚਾਹੁੰਦੇ ਹਾਂ, ਕਿ ਕਦੀ ਕਾਹਲੀ ਨਹੀਂ ਕਰਨੀ। ਵੇਖੋ, ਆਪਣਾ ਸਮਾਂ ਲਵੋ, ਨਿਹਚਾ ਕਰੋ। ਜੇ ਅਸੀਂ ਪਰਮੇਸ਼ੁਰ ਤੋਂ ਕੁਝ ਮੰਗਿਆ ਹੈ, ਯਾਦ ਰੱਖਣਾ ਕਿ ਪਰਮੇਸ਼ੁਰ ਪ੍ਰਾਰਥਨਾ ਦਾ ਉੱਤਰ ਦਿੰਦਾ ਹੈ। ਉਹ ਇਹ ਆਪਣੇ ਸਮੇਂ ਵਿੱਚ ਕਰਦਾ ਹੈ, ਸਭ ਤੋਂ ਵਧੀਆ ਢੰਗ ਨਾਲ, ਸਾਡੇ ਲਈ ਇਸ ਨੂੰ ਸਹੀ ਕਰ ਦਿੰਦਾ ਹੈ। ਅਤੇ ਜੇ ਇਹ ਇਸ ਤਰ੍ਹਾਂ ਨਹੀਂ ਹੈ, ਤਾਂ ਅਸੀਂ ਅੱਜ ਸਵੇਰੇ ਇੱਥੇ ਕੀ ਕਰ ਰਹੇ ਹਾਂ? ਕੀ—ਅਸੀਂ ਕਾਹਦੇ ਲਈ ਮਸੀਹਤ ਦਾ ਦਾਅਵਾ ਕਰ ਰਹੇ ਹਾਂ? ਪਰਮੇਸ਼ੁਰ...ਜੇ ਇਹ ਪਰਮੇਸ਼ੁਰ ਦਾ ਵਚਨ ਨਹੀਂ ਹੈ, ਤਾਂ ਇਹ ਸਹੀ ਨਹੀਂ ਹੈ, ਤਾਂ ਸਾਡੀ ਹਾਲਤ ਲੋਕਾਂ ਵਿਚਕਾਰ ਸਭ ਤੋਂ ਜਿਆਦਾ ਤਰਸਯੋਗ ਪਾਈ ਜਾਵੇਗੀ।

17 ਮੈਂ ਇੱਥੇ ਬਹੁਤ ਸਾਰੇ ਲੋਕਾਂ ਨਾਲ ਦਿਲਾਂ ਵਿੱਚ ਸ਼ਾਮਲ ਹੋ ਕੇ ਬਹੁਤ ਖੁਸ਼ ਹਾਂ ਜੋ ਜਾਣਦੇ ਹਨ ਕਿ ਇਹ ਪਰਮੇਸ਼ੁਰ ਦਾ ਕਦੇ ਨਾ ਟਲਣ ਵਾਲਾ ਵਚਨ ਹੈ। ਤਦ ਇਹ, ਇਹ ਹਰ ਵਚਨ ਸੱਚ ਹੈ, ਇਸਦਾ ਹਰ ਵਚਨ, ਇਸਦਾ ਹਰੇਕ ਪੜਾਅ। ਅਤੇ ਪਰਮੇਸ਼ੁਰ ਦੀ ਕਿਰਪਾ ਨਾਲ, ਉਸ ਧਰਤੀ ਨੂੰ ਦੇਖਣ ਦਾ ਵਿਸ਼ੇਸ਼ ਅਧਿਕਾਰ ਪ੍ਰਾਪਤ ਹੋਇਆ ਹੈ ਜਿਸ ਵਿੱਚ ਅਸੀਂ ਕਿਸੇ ਦਿਨ ਜਾਵਾਂਗੇ।

18 ਕੱਲ (ਲੋਕ ਨਹੀਂ ਜਾਣਦੇ ਕਿ ਇਸ ਕਿਸਮ ਦੀ ਸੇਵਕਾਈ ਦੇ ਨਾਲ ਉਦਾਸ ਕਰਨ ਵਾਲਾ ਸਮਾਂ ਕੀ ਹੁੰਦਾ ਹੈ।), ਮੈਂ ਸੱਚਮੁੱਚ ਉਦਾਸ ਹੋ ਗਿਆ, ਅਤੇ ਮੈਂ ਪਤਨੀ ਨੂੰ ਕਿਹਾ, "ਕਾਸ਼ ਕਿ ਮੈਂ ਹੁਣੇ ਚਲਾ ਜਾਵਾਂ।"

ਉਸਨੇ ਕਿਹਾ, "ਤੁਸੀਂ ਇਹ ਕਿਉਂ ਕਹਿੰਦੇ ਹੋ, ਬਿਲ?"

ਮੈਂ ਕਿਹਾ, "ਔਹ, ਮੇਰੇ ਕੋਲ ਮੁਸੀਬਤਾਂ ਅਤੇ ਚੀਜ਼ਾਂ ਹਨ।"

19 ਅਤੇ ਫਿਰ ਇੰਝ ਲਗਾ ਜਿਵੇਂ ਪਵਿੱਤਰ ਆਤਮਾ ਨੇ ਕਿਹਾ, "ਕੀ ਤੁਸੀਂ ਉਨ੍ਹਾਂ ਤੋਂ ਬੱਚਣ ਦੀ ਕੋਸ਼ਿਸ਼ ਕਰ ਰਹੇ ਹੋ? ਕੀ ਤੁਸੀਂ—ਕੀ ਤੁਸੀਂ ਉਨ੍ਹਾਂ ਤੋਂ ਫਰਾਰ ਹੋਣ ਦੀ ਕੋਸ਼ਿਸ਼ ਕਰ ਰਹੇ ਹੋ?" ਸਮਝੇ?

20 "ਨਹੀਂ," ਮੈਂ ਕਿਹਾ, "ਬੱਸ ਮੈਂ ਇਸ ਸਭ ਦੇ ਸਾਹਮਣੇ ਖੜੋ ਕੇ ਇਸ ਦਾ ਸਾਹਮਣਾ ਕਰਾਂਗਾ।" ਦੇਖੋ, ਬਸ...ਸਮਝੇ?

21 ਇਹ ਬਹੁਤ ਹੀ ਵਧੀਆ ਹੈ। ਇਮਾਨਦਾਰੀ ਨਾਲ, ਸੱਚਮੁੱਚ, ਮੈਂ ਇਹ ਚਸ਼ਮਦੀਦ ਗਵਾਹਾਂ ਦੁਆਰਾ ਆਖਦਾ ਹਾਂ, ਕਿ ਇਸ ਜੀਵਨ ਦੇ ਸਮਾਪਤ ਹੁੰਦੇ ਹੀ, ਅਸੀਂ ਇਕ ਅਜਿਹੀ ਧਰਤੀ ਵਿਚ ਦਾਖਲ ਹੁੰਦੇ ਹਾਂ ਜੋ ਹਰ ਕਿਸੇ ਦੀ ਸੋਚ ਤੋਂ ਪਰੇ ਹੈ। ਅਤੇ ਜੇ ਇੱਥੇ ਕੋਈ ਅਨਜ਼ਾਣ ਹੈ, ਮੈਨੂੰ ਵਿਸ਼ਵਾਸ ਹੈ ਕਿ ਤੁਸੀਂ ਅਜਿਹਾ ਨਹੀਂ ਕਰੋਗੇ...ਮੈਂ ਪਰਮੇਸ਼ੁਰ ਨੂੰ ਪ੍ਰਾਰਥਨਾ ਕਰਦਾ ਹਾਂ ਕਿ ਤੁਸੀਂ ਮੈਨੂੰ ਕੱਟੜ ਨਾ ਸਮਝੋ। ਮੈਂ—ਮੈਂ ਚਾਹੁੰਦਾ ਹਾਂ, ਜੋ ਕੁਝ ਵੀ ਹੋਵੇ, ਈਮਾਨਦਾਰ ਰਹਿਣਾ ਹੈ ਅਤੇ ਸੱਚ ਦੱਸਣਾ ਹੈ। ਅਤੇ ਇਸ ਨਾਲ ਮੇਰਾ ਕੀ ਭਲਾ ਹੋਵੇਗਾ ਕਿ ਮੈਂ ਉਹ ਕੁਝ ਦੱਸਾਂ ਜੋ ਗਲਤ ਹੋਵੇ, ਜਦਕਿ ਇਥੇ ਬਹੁਤ ਸਾਰਾ—ਇੱਥੇ ਬਹੁਤ ਸਾਰਾ ਹੈ ਜੋ ਸੱਚ ਹੈ? ਅਸੀਂ, ਕਿਉਂ ਅਸੀਂ ਇਸ ਬਾਰੇ ਕੁਝ ਗਲਤ ਦੱਸਣਾ ਹੈ? ਸਮਝੇ? ਇਹ, ਇਹ ਕੇਵਲ ਸੱਚਾਈ ਹੈ।

22 ਅਤੇ, ਕੋਈ ਹੈਰਾਨੀ ਦੀ ਗੱਲ ਨਹੀਂ, ਮੇਰਾ ਮੰਨਣਾ ਹੈ ਕਿ ਪੌਲੁਸ ਤੀਸਰੇ ਸਵਰਗ ਵਿਚ ਉਠਾ ਲਿਆ ਗਿਆ ਸੀ, ਅਤੇ ਉਸਨੇ ਉਹ ਚੀਜ਼ਾਂ ਵੇਖੀਆਂ ਜਿਨ੍ਹਾ ਬਾਰੇ ਬੋਲਣਾ ਉਸ ਦੇ ਵੱਸ ਦੀ ਗਲ ਨਹੀਂ ਸੀ। ਅਤੇ ਇੱਕ ਦਿਨ ਉਸ ਨੇ ਕਿਹਾ, "ਜਿਹੜੀਆਂ ਵਸਤਾਂ ਅੱਖੀਂ ਨਾ ਵੇਖੀਆਂ, ਨਾ ਕੰਨੀਂ ਸੁਣੀਆਂ, ਨਾ ਇਨਸਾਨ ਦੇ ਮਨ ਵਿੱਚ ਆਈਆਂ, ਜਿਹੜੀਆਂ ਵਸਤਾਂ ਪਰਮੇਸ਼ੁਰ ਨੇ (ਭੰਡਾਰ ਵਿੱਚ) ਆਪਣੇ ਪ੍ਰੇਮੀਆਂ ਲਈ ਤਿਆਰ ਕੀਤੀਆਂ।"

23 ਔਹ, ਅਸੀਂ ਬਸ ਜੀ ਰਹੇ ਹਾਂ…ਅਸੀਂ ਇੱਥੇ ਕੂੜੇ ਦੇ ਢੇਰ ਵਿਚ ਰਹਿ ਰਹੇ ਹਾਂ, ਬਸ ਇਹੀ ਹੈ, ਇਕ ਕੂੜੇ ਦਾ ਢੇਰ ਗੰਦਗੀ ਦੇ—ਦੇ ਧੂੰਏਂ ਨਾਲ ਭਰਿਆ ਹੋਇਆ। ਦਾ…ਭਾਵੇਂ ਅਸੀਂ ਖੁਦ ਇਸ ਨਾਲ ਦੂਸ਼ਿਤ ਨਹੀਂ ਹਾਂ, ਅਸੀਂ ਇਸ ਵਿਚ ਰਹਿ ਰਹੇ ਹਾਂ, ਜਿਥੇ ਧੂੰਆਂ ਪਾਪ ਦੇ ਧੁਖਦੇ ਹੋਏ ਘੁਰਨਿਆਂ ਵਿਚੋਂ ਆ ਰਿਹਾ ਹੈ। ਸਭ ਤੋਂ ਭਿਆਨਕ ਚੀਜ਼ਾਂ ਵਿੱਚੋਂ ਇੱਕ ਜਿਸ ਬਾਰੇ ਮੈਂ ਸੋਚ ਸਕਦਾ ਹਾਂ, ਉਹ ਹੈ ਸ਼ਹਿਰ ਵਿੱਚ ਇੱਕ ਪੁਰਾਣਾ ਕੂੜੇ ਦਾ ਸੜਦਾ ਹੋਇਆ ਢੇਰ। ਕੀ ਤੁਸੀਂ ਕਦੇ ਕਿਸੇ ਦੇ ਨੇੜੇ ਗਏ ਹੋ? ਉਹ ਭਿਆਨਕ, ਧੂੰਏ ਦੀ ਦੂਸ਼ਿਤ ਗੰਧ ਜੋ ਹਰ ਕਿਸਮ ਦੀ ਗੰਦਗੀ ਵਿੱਚੋਂ ਆ ਰਹੀ ਹੈ। ਅਤੇ—ਅਤੇ ਤੁਸੀਂ ਇਸ ਦਾ ਇੱਕ ਸਾਹ ਲੈਂਦੇ ਹੋ, ਅਤੇ ਇਹ ਬੱਸ ਤੁਹਾਨੂੰ ਆਪਣਾ ਰਾਹ ਬਦਲਣ ਲਈ ਮਜਬੂਰ ਕਰ ਦਵੇਗਾ।

24 ਮੈਨੂੰ ਯਾਦ ਹੈ ਮੈਨੂੰ ਨਿਊ ਅਲਬਾਨੀ ਜਾਣਾ ਪੈਂਦਾ ਸੀ, ਹੇਠਾਂ…ਅਠਾਰਵੀਂ ਗਲੀ ਵਿੱਚ, ਉਥੇ ਜਿੱਥੇ ਪੁਰਾਣਾ ਕੂੜੇ ਦਾ ਢੇਰ ਹੁੰਦਾ ਸੀ, ਅਤੇ ਮੈਨੂੰ ਉਥੇ ਮੀਟਰ ਪੜ੍ਹਨੇ ਪੈਂਦੇ ਸਨ। ਅਤੇ ਮੈਂ ਉਸ ਦਿਨ ਤੋਂ ਬਹੁਤ ਡਰਿਆ ਹੋਇਆ ਸੀ, ਅਠਾਰਵੀਂ ਗਲੀ, ਜਦੋਂ ਮੈਨੂੰ ਉਸ ਨੂੰ ਉਥੇ ਲੈ ਕੇ ਜਾਣਾ ਪਿਆ ਸੀ, ਕਿਉਂਕਿ ਉਥੇ ਬਹੁਤ ਭਿਆਨਕ ਬਦਬੂ ਸੁੰਘਣੀ ਪੈ ਰਹੀ ਸੀ। ਅਤੇ ਫਿਰ ਵੀ, ਉਥੇ ਚੂਹਿਆਂ ਅਤੇ ਕੁੱਤਿਆਂ ਦੀਆਂ ਲਾਸ਼ਾਂ ਅਤੇ ਸਭ ਚੀਜ਼ਾਂ ਸਨ, ਤੁਹਾਨੂੰ ਪਤਾ ਹੈ, ਅਤੇ ਇਹ ਸੁਲਗ ਰਿਹਾ ਸੀ ਅਤੇ ਪੁਰਾਣਾ ਧੂਆਂ ਇਸ ਵਿਚੋਂ ਬਾਹਰ ਆ ਰਿਹਾ ਸੀ।

25 ਹੁਣ, ਫਿਰ ਵੀ, ਇਹੀ ਹੈ ਜਿਸ ਨਾਲ ਇਸ ਜ਼ਿੰਦਗੀ ਦੀ ਤੁਲਨਾ ਕੀਤੀ ਜਾਂਦੀ ਹੈ, ਇਸਦੀ ਸਭ ਤੋਂ ਉੱਤਮ ਸਥਿਤੀ ਵਿੱਚ। ਬਸ ਸੁਲਗ ਰਹੀ ਹੈ, ਹਰ ਜਗ੍ਹਾ ਤੋਂ ਪਾਪ ਦੀ ਬਦਬੂ ਆ ਰਹੀ ਹੈ, ਜਿਵੇਂ ਇਹ ਸੀ, ਮੈਂ ਆਤਮਿਕ ਗਲ ਕਰ ਰਿਹਾ ਹਾਂ। ਪਰ, ਔਹ, ਜਿਥੇ ਹਵਾ ਅਜਾਦੀ ਨਾਲ ਵਗ ਰਹੀ ਹੈ, ਅਤੇ ਸਭ ਕੁਝ ਸੁੰਦਰ ਅਤੇ ਸ਼ਾਂਤੀ ਅਤੇ ਅਨੰਦ ਅਤੇ ਅਨੰਤ ਜੀਵਨ ਹੈ, ਬੱਸ ਨਦੀ ਦੇ ਉਸ ਪਾਰ। ਪਰ ਅਸੀਂ ਇਕ ਜੰਗ ਵਿਚ ਹਾਂ, ਇਸ ਲਈ ਆਓ ਕੇਵਲ ਸੌਂਦੇ ਨਾ ਰਹੀਏ ਅਤੇ ਆਖੋ "ਆਓ ਛੇਤੀ ਨਾਲ ਉਥੇ ਪਹੁੰਚੀਏ," ਚਲੋ ਹਰ ਇਕ ਨੂੰ ਆਪਣੇ ਨਾਲ ਲਿਆਈਏ ਜਿਸ ਨੂੰ ਅਸੀਂ ਲਿਆ ਸਕਦੇ ਹਾਂ। ਹਾਂ।

26 ਅਤੇ ਹੁਣ ਇਨ੍ਹਾਂ ਪਾਠਾਂ ਦਾ ਉਦੇਸ਼ ਉਨ੍ਹਾਂ ਨੂੰ ਲੰਗਰ ਪਾਉਣਾ ਹੈ ਜੋ ਪਹਿਲਾਂ ਹੀ ਧਰਤੀ ਵਿਚ ਆ ਚੁੱਕੇ ਹਨ। ਇਸ ਦਾ ਉਦੇਸ਼, ਇਸ ਅਫਸੀਆਂ ਦੀ ਪੁਸਤਕ ਦਾ ਅਧਿਐਨ ਕਰਨ ਦਾ ਉਦੇਸ਼, ਕਲੀਸਿਯਾ ਨੂੰ ਉਸ ਅਹੁਦੇ ਤੇ ਰੱਖਣਾ ਹੈ ਜਿਥੇ ਇਹ ਸੰਪੂਰਣ ਤੌਰ ਤੇ ਮਸੀਹ ਵਿਚ ਖੜ੍ਹੀ ਹੋਵੇ। ਇਹ ਪੁਰਾਣੇ ਨੇਮ ਅਤੇ ਯਹੋਸ਼ੂਆ ਦੀ ਕਿਤਾਬ ਦੀ ਇਕ ਕਿਸਮ ਹੈ, ਜਿਥੇ ਯਹੋਸ਼ੁਆ ਨੇ ਵੰਡ

ਕੀਤੀ ਸੀ। ਪਿਛਲੇ ਐਤਵਾਰ ਅਸੀਂ ਇਸ ਨੂੰ ਲਿਆ ਸੀ, ਜਿਥੇ ਯਹੋਸ਼ੁਆ ਨੇ ਹਰ ਆਦਮੀ ਨੂੰ ਜ਼ਮੀਨ ਵੰਡੀ ਸੀ। ਅਤੇ ਉਸਨੇ ਇਹ ਪ੍ਰੇਰਣਾ ਦੁਆਰਾ ਕੀਤਾ।

27 ਕਿਵੇਂ ਮੂਸਾ…ਲੋਕਾਂ ਨੂੰ ਮਿਸਰ ਤੋਂ ਬਾਹਰ ਲਿਆਇਆ, ਲਸਣ, ਪਿਆਜ, ਤੋਂ ਬਾਹਰ, ਅਤੇ ਉਨ੍ਹਾਂ ਨੂੰ ਇਕ ਜਗ੍ਹਾ ਦਿੱਤੀ ਜਿਸ ਦਾ ਪਰਮੇਸ਼ੁਰ ਨੇ ਚਾਰ ਸੌ ਸਾਲ ਪਹਿਲਾਂ ਵਾਅਦਾ ਕੀਤਾ ਸੀ…ਜਾਂ ਚਾਰ ਸੌ ਸਾਲ ਪਹਿਲਾਂ, ਕਿ ਉਹ ਉਹਨਾਂ ਨੂੰ ਇੱਕ ਅਜਿਹੀ ਧਰਤੀ ਵਿਚ ਲਿਆਵੇਗਾ, ਇੱਕ ਚੰਗੀ ਧਰਤੀ ਜੋ ਦੁੱਧ ਅਤੇ ਸ਼ਹਿਦ ਨਾਲ ਭਰੀ ਹੋਈ ਹੈ। ਅਤੇ ਮੂਸਾ ਇਸਰਾਏਲ ਦੇ ਲੋਕਾਂ ਨੂੰ ਉਸੇ ਧਰਤੀ ਤੱਕ ਲੈ ਗਿਆ, ਪਰ ਉਨ੍ਹਾਂ ਨੂੰ ਉਸ ਵਿੱਚ ਨਹੀਂ ਲਿਆਇਆ।

28 ਅਤੇ ਯਿਸੂ ਨੇ, ਆਤਮਿਕ ਲੋਕਾਂ ਲਈ, ਉਹਨਾਂ ਲੋਕਾਂ ਲਈ ਜਿਹੜੇ…ਸਾਡੇ ਨਾਲ ਸ਼ੁਰੂਆਤ ਤੋਂ ਹੀ ਪਵਿੱਤਰ ਆਤਮਾ ਦਾ ਵਾਅਦਾ ਕੀਤਾ ਗਿਆ ਹੈ, ਯਿਸੂ ਸਾਨੂੰ ਵਾਅਦੇ ਤੱਕ ਲੈ ਆਇਆ। ਪਰ ਪਵਿੱਤਰ ਆਤਮਾ ਆਇਆ, ਯਹੋਸ਼ੁਆ ਦੇ ਰੂਪ ਵਿੱਚ, ਕਬਜ਼ਾ ਕਰਨ ਅਤੇ ਅਗਵਾਈ ਕਰਨ ਅਤੇ ਨਿਰਦੇਸਿਤ ਕਰਨ ਅਤੇ ਧਰਤੀ ਦਾ ਮਾਲਕ ਬਣਨ, ਜਾਂ ਕਲੀਸਿਯਾ ਦੇ ਅਧਿਕਾਰ ਲੈਣ ਲਈ। ਸਾਨੂੰ ਪਤਾ ਹੈ, ਅਸਲ ਵਿੱਚ, ਫਿਰ, ਕਿ ਸਾਡੇ…

29 ਹੁਣ ਇਹ ਉਹ ਥਾਂ ਹੈ ਜਿਥੇ, ਸ਼ਾਇਦ, ਲੋਕ ਸੋਚਣ ਕਿ ਮੈਂ ਕਠੋਰ ਹਾਂ ਅਤੇ ਭਰਾਵਾਂ ਦਾ ਅਪਮਾਨ ਕਰਨ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਮੈਂ ਨਹੀ ਹਾਂ! ਪਰਮੇਸ਼ੁਰ ਮੇਰਾ ਨਿਆਂਈ ਹੋਵੇ, ਮੈਂ ਨਹੀਂ ਹਾਂ। ਸਮਝੇ? ਮੈਂ ਸਿਰਫ ਉਹ ਦੱਸਣ ਦੀ ਕੋਸ਼ਿਸ ਕਰ ਰਿਹਾ ਹਾਂ ਜੋ ਸਚਾਈ ਹੈ। ਸਮਝੇ? ਅਸੀਂ ਆਗੂ ਚੁਣ ਲਏ ਹਨ, ਮਨੁੱਖਾਂ ਵਿਚੋਂ, ਬਜਾਏ ਅਗਵਾਈ ਦੇ, ਆਗੂ, ਪਵਿੱਤਰ ਆਤਮਾ ਦੀ ਅਗਵਾਈ ਨਾਲ। ਅਸੀਂ ਚਾਹੁੰਦੇ ਹਾਂ ਕਿ ਆਦਮੀ ਸਾਡਾ ਹਿੱਸਾ ਸਾਨੂੰ ਵੰਡਣ ਅਤੇ ਸਾਡੀ ਅਗਵਾਈ ਕਰਨ, ਜਿਵੇਂ ਮੈਥੋਡਿਸਟ, ਬੈਪਟਿਸਟ, ਪ੍ਰੈਸਬੈਟਰਿਅਨ, ਲੂਥਰਨ, ਚਰਚ ਆਫ਼ ਕ੍ਰਾਈਸਟ, ਪੇਂਟੇਕੋਸਟਲ, ਅਤੇ ਵੱਖੋ ਵੱਖਰੇ ਪੰਥ, ਇੱਕ ਸੰਗਠਨ ਨੂੰ ਇੱਕ ਉਦਾਹਰਣ ਵਜੋਂ ਠਹਿਰਾ ਕੇ, ਅਤੇ ਅਸੀਂ ਇਸਦੇ ਪਿਛੇ ਚਲਦੇ ਹਾਂ। ਪਰ ਅਸੀਂ ਹਾਂ…

30 ਬਾਈਬਲ ਵਿਚ ਕਿਤੇ ਵੀ ਅਸੀਂ ਅਜਿਹਾ ਕਰਨ ਲਈ ਨਹੀਂ ਹਾਂ। ਇੱਕ ਵੀ ਲਿਖਤ ਨਹੀਂ ਹੈ, ਪਰਮੇਸ਼ੁਰ ਦੀ ਸਾਰੀ ਬਾਈਬਲ ਵਿੱਚ, ਜਿਥੇ ਉਸ ਨੇ ਕਦੇ ਕਲੀਸਿਯਾ ਨੂੰ ਸੰਗਠਿਤ ਕੀਤਾ ਹੋਵੇ ਜਾਂ ਕਿਸੇ ਸੰਗਠਨ ਬਾਰੇ ਬੋਲਿਆ ਹੋਵੇ, ਬਾਈਬਲ ਵਿੱਚ ਇੱਕ ਵੀ ਥਾਂ ਤੇ ਨਹੀਂ। ਪਰ ਹਮੇਸ਼ਾ ਇਸ ਦੇ ਉਲਟ ਰਿਹਾ ਹੈ। ਉਹ ਨਹੀਂ ਚਾਹੁੰਦਾ ਕਿ ਅਸੀਂ ਸੰਸਾਰ ਦੀਆਂ ਚੀਜਾਂ ਵਾਂਗ ਫੈਸ਼ਨ ਕਰੀਏ। ਉਹ ਸਾਨੂੰ ਖਾਸ, ਵਖਰੇ ਕੀਤੇ ਹੋਏ ਚਾਹੁੰਦਾ ਹੈ।

31 ਮੇਰਾ ਮਤਲਬ ਇਹ ਨਹੀਂ ਕਿ ਹੁਣ “ਮੂਰਖ” ਬਣੋ, ਜਿਵੇਂ ਅਸੀਂ ਇਸਨੂੰ ਕਹਿੰਦੇ ਹਾਂ। ਮੇਰਾ ਭਾਵ ਹੈ ਬਾਹਰ-ਬੁਲਾਏ ਹੋਏ ਲੋਕ, ਔਹ, ਇੱਕ ਮੁਬਾਰਕ ਪਵਿੱਤਰ ਦੇਸ਼, ਜੀਵਣ ਜੀ ਰਹੇ ਹਨ ਜੋ ਬਦਨਾਮੀ ਤੋਂ ਉਪਰ ਹਨ, ਉਸੇ ਤਰ੍ਹਾਂ ਦਾ ਵਿਵਹਾਰ ਕਰਦੇ ਹੋਏ, ਜਿਵੇਂ ਉਹ ਕਰਦਾ, ਸਾਡੇ ਵਿੱਚ ਕੰਮ ਕਰਦਾ ਹੋਇਆ, ਕਿਉਂ ਜੋ ਅਸੀਂ ਉਸਦੀ ਕਾਰੀਗਰੀ ਹਾਂ, ਯਿਸੂ ਮਸੀਹ ਵਿੱਚ ਭਲੇ ਕੰਮਾਂ ਲਈ ਰਚੇ ਗਏ।

32 ਹੁਣ, ਬੁੱਧਵਾਰ ਰਾਤ, ਤੁਹਾਡੇ ਵਿਚੋਂ ਬਹੁਤ ਸਾਰੇ ਬੁੱਧਵਾਰ ਦੀ ਰਾਤ ਇੱਥੇ ਨਹੀਂ ਸਨ, ਪਰ ਅਸੀਂ ਚਲੇ ਗਏ ਹਾਂ…ਮੈਂ ਸੋਚਦਾ ਹਾਂ ਕਿ ਤੀਸਰੀ ਜਾਂ…ਨਹੀਂ, ਇਹ ਪੰਜਵੀ ਆਇਤ ਹੈ।

*…ਲੇਪਾਲਕਪਣ ਨੂੰ,* ਜਾਂ ਲੋਕਾਂ ਨੂੰ ਅਹੁਦੇ ਤੇ ਰੱਖਣਾ…

33 ਕਿਵੇਂ ਪਰਮੇਸੁਰ, ਆਪਣੇ ਲੋਕਾਂ ਨੂੰ ਅਹੁਦੇ ਤੇ ਰੱਖਣ ਦੀ ਕੋਸ਼ਿਸ ਕਰ ਰਿਹਾ ਹੈ, ਅਤੇ ਜਦੋਂ ਪਰਮੇਸ਼ੁਰ ਇੱਕ ਨੂੰ ਅਹੁਦੇ ਤੇ ਰੱਖਦਾ ਹੈ, ਤਾਂ, ਔਹ, ਸਾਰੀ ਕਲੀਸਿਯਾ ਉਸ ਇੱਕ ਵਾਂਗ ਬਣਨਾ ਚਾਹੁੰਦੀ ਹੈ, ਉਸੇ ਕਿਸਮ ਦੀਆਂ ਚੀਜਾਂ ਨੂੰ ਲੈਣਾ ਚਾਹੁੰਦੀ ਹੈ, ਉਹੀ ਕੰਮ ਕਰਨਾ ਚਾਹੁੰਦੀ ਹੈ। ਅਸੀਂ ਵੱਖਰੇ ਵੱਖਰੇ ਹਾਂ, ਅਸੀਂ ਵੱਖਰੇ ਬਨਾਏ ਗਏ ਹਾਂ, ਸਾਡਾ ਸੁਭਾਅ ਵੱਖਰਾ ਹੈ, ਅਤੇ ਸਾਨੂੰ ਵੱਖਰੇ ਵੱਖਰੇ ਅਹੁਦੇ ਤੇ ਰੱਖਿਆ ਗਿਆ ਹੈ, ਹਰੇਕ ਨੂੰ ਇੱਕ ਵੱਖਰੇ ਕੰਮ ਲਈ; ਸ਼ਾਇਦ ਇੱਕ ਨੂੰ ਛੋਟੇ ਜਿਹੇ ਕੰਮ ਦੇ ਲਈ, ਕਿਸੇ ਹੋਰ ਨੂੰ ਇੱਕ ਵੱਡੇ ਕੰਮ ਦੇ ਲਈ। ਮੈਨੂੰ ਯਕੀਨ ਹੈ ਕਿ ਇਹ ਦਾਊਦ ਸੀ ਜਾਂ ਨਬੀਆਂ ਵਿਚੋਂ ਇੱਕ, ਮੈਨੂੰ ਹੁਣ ਭੁੱਲ ਗਿਆ ਹੈ, ਉਸ ਨੇ ਕਿਹਾ, “ਮੈਂ ਪਰਮੇਸ਼ੁਰ ਦੇ ਭਵਨ ਦਾ ਰਾਖਾ ਬਣਨਾ, ਤੋਂ ਵੀ…ਦੁਸ਼ਟਾਂ ਦੇ ਤੰਬੂਆਂ ਵਿੱਚ ਵੱਸਣ ਨਾਲੋਂ-…ਪਸੰਦ ਕਰਦਾ ਹਾਂ।”

34 ਹੁਣ ਅਸੀਂ ਲੇਪਾਲਕਪਨ ਉੱਤੇ ਬੱਸ ਇੱਕ ਸਕਿੰਟ ਲਈ ਰੁਕਾਂਗੇ, ਪੰਜਵੀ ਆਇਤ, ਇਸ ਦੀ ਗਹਿਰਾਈ ਵਿੱਚ ਜਾਣ ਦੀ ਕੋਸ਼ਿਸ ਕਰਾਂਗੇ ਜਿਨਾਂ ਕੁ ਅਸੀਂ ਜਾ ਸਕਦੇ ਹਾਂ। ਪਰ ਹੁਣ ਵਿਸ਼ੇ ਨੂੰ ਯਾਦ ਰੱਖਣਾ, ਇਹ ਸਭ ਕੁਝ ਅਹੁਦੇ ਤੇ ਰੱਖੇ ਜਾਣ ਬਾਰੇ ਹੈ। ਕਿੰਨੇ ਇਸ ਨੂੰ ਸਮਝਦੇ ਹਨ? ਆਓ ਸੁਣਦੇ ਹਾਂ ਕਿ ਤੁਸੀਂ ਇਸਨੂੰ ਇਕ ਸ਼ਬਦ ਨਾਲ ਕਹਿੰਦੇ ਹੋ: “ਰੱਖਣਾ ਉਹ ਯਿਸੂ ਮਸੀਹ ਦਾ ਸਥਾਨ ਵਿਚ ਮਸੀਹ ਵਿਚ ਜਿੱਥੇ ਪਵਿੱਤਰ ਆਤਮਾ ਸਾਡੀ ਅਗਵਾਈ ਕਰ ਰਿਹਾ ਹੈ।” ਤੁਸੀਂ ਉਥੇ ਹੋ, ਹੁਣ ਅਸੀਂ ਸਮਝ ਗਏ, ਵੇਖੋ। ਸਾਨੂੰ ਸਥਾਨ ਤੇ ਰੱਖ ਰਿਹਾ ਹੈ, ਅਫਸੀਆਂ ਦੀ ਕਿਤਾਬ ਨੇ ਇਸ ਨੂੰ ਕਰਨਾ ਹੈ।

35 ਅਤੇ ਇਸ ਉਸਤਾਦ ਸਿਖਿਅਕ, ਪੌਲੁਸ ਨੂੰ ਵੇਖੋ। ਸਭ ਤੋਂ ਪਹਿਲਾਂ ਉਹ ਡਿੱਗਣ ਦੇ ਸਾਰੇ ਵਿਚਾਰਾਂ ਨੂੰ ਬਾਹਰ ਕੱਢ ਦਿੰਦਾ ਹੈ। ਸਾਰੇ ਵਿਚਾਰਾਂ ਨੂੰ ਹਮੇਸ਼ਾ

ਲਈ ਬਾਹਰ ਕਰ ਦਿੰਦਾ ਹੈ "ਅੱਜ ਮਸੀਹ ਹੋਣਾ ਅਤੇ ਕਲ ਨਹੀਂ, ਅਤੇ ਅਗਲੇ ਦਿਨ ਪਰਮੇਸ਼ੁਰ ਮੈਨੂੰ ਦੋਸ਼ੀ ਠਹਿਰਾਉਂਦਾ ਹੈ ਅਤੇ ਅਗਲੇ ਦਿਨ ਮੈਂ ਫਿਰ ਵਾਪਸ ਆ ਜਾਂਦਾ ਹਾਂ।" ਇਹ ਬਕਵਾਸ ਹੈ! ਹੁਣ ਇਹ…ਇਹ ਕਿਤਾਬ ਖੁਸ਼ਖਬਰੀ ਦੀ ਸਿਖਿਆ, ਖੁਸ਼ਖਬਰੀ ਦੇ ਉਪਦੇਸ਼ਾਂ ਲਈ ਨਹੀਂ ਲਿਖੀ ਗਈ ਹੈ। ਅਸੀਂ…ਅਸੀਂ ਇਸ ਨੂੰ ਪਰਚਾਰ ਖੇਤਰ ਵਿੱਚ ਪਰਚਾਰ ਨਹੀਂ ਕਰਦੇ। ਮੈਂ ਇਸ ਨੂੰ ਕਲੀਸਿਯਾ ਲਈ ਲੈ ਕੇ ਆਉਂਦਾ ਹਾਂ, ਕਿਉਂਕਿ ਪੌਲੁਸ ਨੇ ਇਸ ਨੂੰ ਸੰਤਾਂ ਦੇ ਲਈ ਲਿਖਿਆ ਸੀ, ਉਹਨਾਂ ਲਈ ਜਿਹੜੇ ਬੁਲਾਏ ਗਏ ਅਤੇ ਸੁਰਖਿਅਤ ਰਖੇ ਗਏ ਹਨ, ਅਤੇ ਭਰੇ ਹੋਏ ਹਨ ਅਤੇ ਵਖਰੇ ਰਖੇ ਹੋਏ ਹਨ, ਅਤੇ ਪਵਿੱਤਰ ਆਤਮਾ ਵਿੱਚ, ਪਹਿਲਾਂ ਹੀ ਕਨਾਨ ਦੀ ਧਰਤੀ ਵਿੱਚ ਹਨ। ਉਹ ਉਹਨਾਂ ਨੂੰ ਪਹਿਲੀ ਚੀਜ, ਦੱਸਣ ਦੀ ਕੋਸ਼ਿਸ ਕਰ ਰਿਹਾ ਹੈ, ਇਸ ਨੂੰ ਆਪਣੇ ਦਿਮਾਗ ਵਿਚੋਂ ਬਾਹਰ ਕੱਢੋ ਕਿ ਤੁਸੀਂ ਨਾਸ਼ ਹੋਣ ਜਾ ਰਹੇ ਹੋ ਅਤੇ ਤੁਸੀਂ *ਅਜਿਹਾ* ਕਰਨ ਜਾ ਰਹੇ ਹੋ, ਅਤੇ ਤੁਸੀਂ *ਇਸ* ਤੋਂ ਡਰਦੇ ਹੋ। ਕਿਸੇ ਵੀ ਚੀਜ਼ ਤੋਂ ਨਾ ਡਰੋ, ਕਿਉਂਕਿ ਉਹ ਤੁਹਾਨੂੰ ਇਹ ਦੱਸਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਤੁਸੀਂ ਕਿਥੇ ਹੋ, ਤੁਸੀਂ ਕੌਣ ਹੋ, ਤੁਸੀਂ ਕਿਵੇਂ ਖੜੇ ਹੋ।

36 ਹੁਣ, ਤੁਸੀਂ ਕੁਝ ਗਲਤ ਕਰ ਸਕਦੇ ਹੋ, ਅਤੇ ਹਰ ਵਾਰ ਜਦੋਂ ਤੁਸੀਂ ਕੁਝ ਗਲਤ ਕਰਦੇ ਹੋ ਤਾਂ ਤੁਹਾਨੂੰ ਇਸਦਾ ਭੁਗਤਾਨ ਮਿਲੇਗਾ। ਹਾਂ, ਸ਼੍ਰੀ ਮਾਨ, ਤੁਸੀਂ ਜੋ ਬੀਜੋਗੇ ਸੋ ਵੱਢੋਗੇ! ਪਰ ਇਸ ਦਾ ਤੁਹਾਡੀ ਮੁਕਤੀ ਨਾਲ ਕੋਈ ਵਾਸਤਾ ਨਹੀਂ ਹੈ। ਜਦੋਂ ਤੁਸੀਂ ਪਰਮੇਸੁਰ ਦੀ ਆਤਮਾ ਤੋਂ ਪੈਦਾ ਹੁੰਦੇ ਹੋ, ਤਾਂ ਤੁਹਾਨੂੰ ਸਦੀਵੀ ਜੀਵਨ ਮਿਲ ਜਾਂਦਾ ਹੈ ਅਤੇ ਤੁਸੀਂ ਨਹੀਂ ਮਰ ਸਕਦੇ ਜਿਵੇਂ ਪਰਮੇਸ਼ੁਰ ਮਰ ਨਹੀਂ ਸਕਦਾ। ਤੁਸੀਂ ਪਰਮੇਸ਼ੁਰ ਦਾ ਹਿੱਸਾ ਹੋ, ਤੁਸੀਂ ਪਰਮੇਸ਼ੁਰ ਦੇ ਪੁੱਤ੍ਰ ਹੋ।

37 ਮੈਂ ਇੱਕ ਬ੍ਰਨਹਾਮ ਪੈਦਾ ਹੋਇਆ ਸੀ। ਤੁਸੀਂ ਮੈਨੂੰ ਕੋਈ ਹੋਰ ਨਾਮ ਦੇ ਸਕਦੇ ਹੋ। ਕੋਈ ਹੋਰ ਨਾਮ ਇਹ ਮੈਨੂੰ ਜਰਾ ਵੀ ਘੱਟ ਬ੍ਰਨਹਾਮ ਨਹੀਂ ਬਣਾਵੇਗਾ, ਮੈਂ ਅਜੇ ਵੀ ਬ੍ਰਨਹਾਮ ਹਾਂ। ਮੈਂ ਬ੍ਰਨਹਾਮ ਪੈਦਾ ਹੋਇਆ ਸੀ, ਹਮੇਸ਼ਾ ਬ੍ਰਨਹਾਮ ਹੀ ਰਹਾਂਗਾ। ਮੈਂ…ਹੋ ਸਕਦਾ ਹੈ ਕਿ ਕਿਸੇ ਦਿਨ ਮੈਂ ਬਹੁਤ ਵਿਗੜੀ ਹੋਈ ਹਾਲਤ ਵਿੱਚ ਹੋਵਾਂ, ਗਠੀਏ ਨਾਲ ਖਿੱਚਿਆ ਜਾਵਾਂ, ਇੱਕ ਦੁਰਘਟਨਾ ਹੋਵੇ ਅਤੇ ਅਤੇ ਇਸ ਤਰ੍ਹਾਂ ਫਾੜਿਆ ਜਾਵਾਂ ਕਿ ਮੈਂ ਇੱਕ ਜਾਨਵਰ ਜਿਹਾ ਦਿਸਾਂ, ਪਰ ਮੈਂ ਫਿਰ ਵੀ ਬ੍ਰਨਹਾਮ ਹੋਵਾਂਗਾ! ਕਿਉਂ? ਬ੍ਰਨਹਾਮ ਲਹੂ ਮੇਰੇ ਅੰਦਰ ਹੈ।

38 ਇਹੀ ਉਹ ਹੈ ਜੋ ਤੁਸੀਂ ਹੋ। ਅਤੇ ਜਿੰਨਾ ਚਿਰ ਪਰਮੇਸ਼ੁਰ ਨੇ ਤੁਹਾਨੂੰ ਬਣਾਇਆ ਹੈ…ਹੁਣ ਯਾਦ ਰੱਖੋ, ਮੈਂ ਉਨ੍ਹਾਂ ਨਾਲ ਗੱਲ ਨਹੀਂ ਕਰ ਰਿਹਾ ਜਿਹੜੇ ਮਸੀਹ ਤੋਂ ਬਾਹਰ ਹਨ। ਮੈਂ ਉਹਨਾਂ ਨਾਲ ਗਲ ਕਰ ਰਿਹਾ ਹਾਂ ਜਿਹੜੇ ਮਸੀਹ ਵਿੱਚ ਹਨ। ਤੁਸੀਂ ਮਸੀਹ ਵਿੱਚ ਕਿਵੇਂ ਆਉਂਦੇ ਹੋ? "ਇੱਕ ਆਤਮਾ ਨਾਲ!"

ਵੱਡਾ ਐਸ-ਪੀ-ਆਈ-ਆਰ-…ਜਿਸਦਾ ਅਰਥ ਹੈ, “ਇੱਕ ਸਰੀਰ ਬਣਨ ਦੇ ਲਈ ਇੱਕੋ ਆਤਮਾ ਨਾਲ ਬਪਤਿਸਮਾ ਦਿੱਤਾ ਗਿਆ।” ਅਸੀਂ ਕਿਵੇਂ…ਅਸੀਂ ਕਿਵੇਂ ਅੰਦਰ ਆਉਂਦੇ ਹਾਂ? ਪਾਣੀ ਦੇ ਬਪਤਿਸਮੇ ਦੁਆਰਾ? ਮੈਂ ਬੈਪਟਿਸਟ ਅਤੇ ਚਰਚ ਆਫ ਕ੍ਰਾਇਸਟ ਨਾਲ ਅਸਹਿਮਤ ਹਾਂ। ਪਾਣੀ ਦੇ ਬਪਤਿਸਮੇ ਦੁਆਰਾ ਨਹੀਂ, ਕਿਸੇ ਵੀ ਤਰ੍ਹਾਂ ਨਹੀਂ! ਪਹਿਲਾ ਕੁਰਿੰਥੀਆਂ 12 ਵਿਚ, ਲਿਖਿਆ ਹੈ, “ਇੱਕੋ ਹੀ ਆਤਮਾ ਨਾਲ, ਪਵਿੱਤਰ ਆਤਮਾ ਨਾਲ, ਸਾਨੂੰ ਉਸ ਸਰੀਰ ਵਿੱਚ ਲਿਆਂਦਾ ਗਿਆ ਹੈ।” ਅਤੇ ਉਨੇ ਹੀ ਸੁਰੱਖਿਅਤ ਹਨ ਜਿੰਨਾ ਉਹ ਸਰੀਰ ਸੁਰੱਖਿਅਤ ਹੈ। ਪਰਮੇਸ਼ੁਰ ਨੇ…ਇਸਦਾ ਵਾਅਦਾ ਕੀਤਾ ਹੈ।

39 ਪਰਮੇਸ਼ੁਰ ਉਸ ਦਾ ਦੁਬਾਰਾ ਨਿਆਂ ਕਿਵੇਂ ਕਰ ਸਕਦਾ ਹੈ, ਜੱਦ ਉਹ ਇੱਕ ਵਾਰ ਕਲਵਰੀ ਤੇ ਚਲਾ ਗਿਆ? ਗੋਲਗੋਥਾ ਨੂੰ ਜਾਂਦਾ ਹੋਇਆ, ਉਸ ਨੂੰ ਕੁੱਟਿਆ ਗਿਆ, ਕੁਚਲਿਆ ਗਿਆ, ਉਹ ਚੰਗਾ ਨਹੀਂ ਕਰ ਸਕਿਆ, ਉਹ ਮੁਸ਼ਕਿਲ ਨਾਲ ਇਕ ਸ਼ਬਦ ਵੀ ਨਹੀਂ ਬੋਲ ਸਕਦਾ ਸੀ। ਕੀ ਕਾਰਨ ਸੀ? ਸਾਰੇ ਸੰਸਾਰ ਦੇ ਪਾਪਾਂ ਦਾ ਬੋਝ ਉਸ ਉੱਤੇ ਸੀ। ਇਹ ਇਸ ਲਈ ਨਹੀਂ ਕਿ ਉਹ ਪਾਪੀ ਸੀ, ਪਰ “ਉਹ ਪਾਪ ਬਣ ਗਿਆ” ਮੇਰੇ ਲਈ ਅਤੇ ਤੁਹਾਡੇ ਲਈ। ਆਦਮ ਤੋਂ ਲੈ ਕੇ ਉਸਦੇ ਆਉਣ ਤੱਕ ਦੁਨੀਆਂ ਦੇ ਸਾਰੇ ਪਾਪ, ਉਸਦੇ ਮੋਢਿਆਂ ਤੇ ਸਨ। ਅਤੇ ਪਰਮੇਸ਼ੁਰ ਆਪਣੇ ਪੁੱਤਰ ਨੂੰ ਸਜ਼ਾ ਨਹੀਂ ਦੇ ਰਿਹਾ ਸੀ। ਉਹ ਪਾਪ ਨੂੰ ਸਜ਼ਾ ਦੇ ਰਿਹਾ ਸੀ। ਦੇਖੋ ਇਹ ਕਿੰਨਾ ਭਿਆਨਕ ਸੀ? ਉਹ ਤੁਸ਼ਟੀਕਰਨ ਕਰ ਰਿਹਾ ਸੀ। ਉਹ ਉਹਨਾਂ ਸਭਨਾਂ ਦੇ ਲਈ ਬਚ ਨਿਕਲਣ ਦਾ ਰਾਹ ਬਣਾ ਰਿਹਾ ਸੀ, ਜਿਹਨਾਂ ਨੂੰ ਉਹ ਆਪਣੇ ਪੂਰਵ ਗਿਆਨ ਦੁਆਰਾ ਜਾਣਦਾ ਸੀ, ਕਿ ਉਹ ਆਉਣਗੇ। ਅਸੀਂ ਇਸ ਵਿੱਚ ਕੁਝ ਹੀ ਮਿੰਟਾਂ ਵਿੱਚ ਜਾਵਾਂਗੇ।

40 ਹੁਣ, ਫਿਰ, ਜਦ ਤੁਸੀਂ “ਇੱਕੋ ਹੀ ਆਤਮਾ ਦੁਆਰਾ ਇਕ ਸਰੀਰ ਵਿੱਚ ਬਪਤਿਸਮਾ ਲਿਆ, ਇੱਕ ਸਰੀਰ, ਜੋ ਮਸੀਹ ਹੈ,” ਅਤੇ ਅਸੀਂ ਹਮੇਸ਼ਾ ਦੇ ਲਈ ਸੁਰੱਖਿਅਤ ਹਾਂ।

41 ਹੁਣ, ਇਹੀ ਉਹ ਥਾਂ ਹੈ ਜਿਥੇ ਇਹ ਅਜੀਬ ਢੰਗ ਨਾਲ ਠੇਸ ਪਹੁੰਚਾਉਂਦਾ ਹੈ, ਖ਼ਾਸ ਕਰਕੇ ਅਰਮੀਨੀਅਨ ਵਿਸ਼ਵਾਸੀਆਂ ਨੂੰ, ਕਿ ਉਹਨਾਂ ਨੂੰ…ਆਪਣੇ ਆਪ ਨੂੰ ਯੋਗ ਬਣਾਉਣ ਲਈ ਕੁਝ ਕਰਨ ਦੀ ਲੋੜ ਹੈ, ਜਾਂ ਕੁਝ ਗੁਣਕਾਰੀ ਕਰਨ ਦੀ ਲੋੜ ਹੈ। ਇਕੋ ਸਮੇਂ ਦੋ ਚੀਜ਼ਾਂ ਦੁਆਰਾ ਇਹ ਕਿਵੇਂ ਹੋ ਸਕਦਾ ਹੈ? ਇਹ ਜਾਂ ਤਾਂ ਕਿਰਪਾ ਦੁਆਰਾ ਜਾਂ ਕੰਮਾਂ ਦੁਆਰਾ, ਕਿਸੇ ਇੱਕ ਦੁਆਰਾ ਹੋਣਾ ਹੈ। ਇਹ ਇਕੋ ਚੀਜ਼ ਨਾਲ ਨਹੀਂ ਹੋ ਸਕਦਾ, ਇਹ ਦੋ ਵੱਖਰੀਆਂ ਚੀਜ਼ਾਂ ਦੁਆਰਾ ਹੈ; ਇਸ ਨੂੰ ਇੱਕੋ ਨਾਲ ਹੀ ਹੋਣਾ ਚਾਹੀਦਾ ਹੈ। ਇਹ…

42 ਮੈਂ, ਮੇਰਾ, ਮੈਂ ਹੋਰ ਕੁਝ ਨਹੀਂ ਪਰ ਪਰਮੇਸ਼ੁਰ ਦੀ ਕਿਰਪਾ ਨੂੰ ਵੇਖ ਸਕਦਾ ਹਾਂ। ਇਹੀ ਮੇਰੀ ਸੋਚ ਹੈ। ਮੈਂ ਹਮੇਸ਼ਾ ਕਿਰਪਾ ਵਿੱਚ ਵਿਸ਼ਵਾਸ ਕੀਤਾ ਹੈ। ਮੈਂ ਤਾਂ ਬੱਸ ਕਿਰਪਾ ਵਿੱਚ ਹੀ ਵਿਸ਼ਵਾਸ ਕਰਦਾ ਹਾਂ, ਇਹੀ ਸਭ ਹੈ। ਇਹ ਨਹੀਂ ਮੈਂ—ਮੈਂ…ਆਪਣੇ ਜੀਵਨ ਵਿੱਚ ਵੀ, ਜਦ ਮੈਂ ਲੜਕਾ ਹੀ ਸੀ, ਮੈਂ ਹੋਰ ਕੁਝ ਨਹੀਂ, ਬੱਸ ਕਿਰਪਾ, ਨੂੰ ਹੀ ਵੇਖਿਆ ਹੈ। ਉਹ ਕਹਿੰਦੇ ਹਨ, "ਮੈਂ—ਮੈਂ…ਤੁਸੀਂ ਮੇਰੀ ਪਿੱਠ ਖੁਰਕੋ ਅਤੇ ਮੈਂ ਤੁਹਾਡੀ ਖੁਰਕਾਂਗਾ" ਖੈਰ, ਇਹ ਇਕ ਭਿਆਨਕ ਵਾਕ ਹੈ। ਪਰ ਮੈਨੂੰ ਇਸ ਗੱਲ ਦੀ ਕੋਈ ਪਰਵਾਹ ਨਹੀਂ ਕਿ ਤੁਸੀਂ ਮੇਰੀ ਪਿੱਠ ਖੁਰਕਦੇ ਹੋ ਜਾਂ ਨਹੀਂ, ਜੇ ਤੁਹਾਨੂੰ ਖੁਰਕ ਦੀ ਲੋੜ੍ਹ ਹੈ, ਤਾਂ ਮੈਂ ਤੁਹਾਨੂੰ ਕਿਸੇ ਵੀ ਤਰ੍ਹਾਂ ਖੁਰਕਾਂਗਾ। ਵੇਖੋ, ਕਿਰਪਾ। ਹਾਂ, ਸ਼੍ਰੀ ਮਾਨ। ਵੇਖੋ, ਕਿਰਪਾ ਪ੍ਰੇਮ ਦੁਆਰਾ ਕੰਮ ਕਰਦੀ ਹੈ। ਜੇ ਤੁਹਾਨੂੰ ਇਸ ਦੀ ਲੋੜ ਹੈ ਤਾਂ! ਚਾਹੇ ਤੁਸੀਂ ਮੇਰੇ ਲਈ ਕਦੇ ਵੀ ਕੁਝ ਨਹੀਂ ਕੀਤਾ, ਮੈਨੂੰ—ਮੈਨੂੰ ਤੁਹਾਡੇ ਨਾਲ ਕੋਈ ਲੈਣਾ ਦੇਣਾ ਨਹੀਂ ਹੈ, ਜੇ ਤੁਹਾਨੂੰ ਇਸ ਦੀ ਜ਼ਰੂਰਤ ਪਵੇਗੀ ਮੈਂ ਇਹ ਕਿਸੇ ਵੀ ਤਰ੍ਹਾਂ ਕਰਾਂਗਾ। ਕਿਰਪਾ! ਕਿਉਂਕਿ ਤੁਹਾਨੂੰ ਇਸ ਦੀ ਲੋੜ ਹੈ!

43 ਮੈਨੂੰ ਬਚਾਏ ਜਾਣ ਦੀ ਲੋੜ ਸੀ। ਮੈਨੂੰ ਕੋਈ ਵੀ ਬਚਾ ਨਹੀਂ ਸਕਦਾ ਸੀ। ਮੈਂ ਆਪਣੇ ਆਪ ਕੁਝ ਵੀ ਨਹੀਂ ਕਰ ਸਕਦਾ ਸੀ, ਮੈਂ ਆਪਣੇ ਬਚਾਉਣ ਲਈ ਕੁਝ ਵੀ ਨਹੀਂ ਕਰ ਸਕਦਾ ਸੀ। ਪਰ ਮੈਨੂੰ ਬਚਾਏ ਜਾਣ ਦੀ ਲੋੜ ਸੀ, ਕਿਉਂਕਿ ਮੈਂ ਇੱਕ ਪਰਮੇਸ਼ੁਰ ਵਿੱਚ ਵਿਸ਼ਵਾਸ ਕੀਤਾ ਸੀ। ਅਤੇ ਪਰਮੇਸ਼ੁਰ ਨੇ ਆਪਣਾ ਪੁੱਤਰ ਭੇਜ ਦਿੱਤਾ, ਉਸ ਨੂੰ ਪਾਪ ਦੀ ਦੇਹ ਦੇ ਵਾਂਗ ਬਣਾਇਆ, ਤਾਂ ਜੋ ਮੇਰੀ ਜਗ੍ਹਾ ਉਹ ਦੰਡ ਭੋਗੇ, ਅਤੇ ਮੈਨੂੰ ਬਚਾ ਲਿਆ ਗਿਆ, ਕੇਵਲ ਕਿਰਪਾ ਦੁਆਰਾ ਮੈਨੂੰ ਬਚਾਇਆ ਗਿਆ। ਮੈਂ ਇੱਕ ਵੀ ਚੀਜ ਨਹੀਂ ਕਰ ਸਕਦਾ ਸੀ, ਜਾਂ ਤੁਸੀਂ, ਆਪਣੇ ਆਪ ਨੂੰ ਬਚਾਉਣ ਲਈ ਕੁਝ ਨਹੀਂ ਕਰ ਸਕਦੇ ਸੀ। ਅਤੇ ਉਹ ਜਿਹਨਾਂ ਨੂੰ ਜਗਤ ਦੀ ਨੀਂਹ ਧਰਨ ਤੋਂ ਅਗੇਤਰੇ ਆਪਣੇ ਪੂਰਵ ਗਿਆਨ ਰਾਹੀਂ ਜਾਣਦਾ ਸੀ…

44 ਅਸੀਂ ਪਿਛਲੇ ਬੁਧਵਾਰ, ਇਸ ਵਿਚ ਗਏ ਸੀ। ਅਸੀਂ ਪਰਮੇਸ਼ੁਰ ਨੂੰ ਇਲਹ, ਇਲੋਹੀਮ ਵਿਚ ਚਿਤਰਿਤ ਕੀਤਾ ਅਤੇ ਵਿਖਾਇਆ ਕਿ ਉਹ ਆਪਣੀ ਹੋਂਦ ਆਪ ਰੱਖਣ ਵਾਲਾ ਹੈ। ਪਰ ਉਸਦੇ ਅੰਦਰ ਪਿਤਾਪਨ ਸੀ, ਉਸਦੇ ਅੰਦਰ ਵੱਖੋ ਵੱਖਰੀਆਂ ਵਿਸ਼ੇਸ਼ਤਾਵਾਂ ਸਨ, ਜਿਵੇਂ ਇੱਕ ਮੁਕਤੀਦਾਤਾ, ਜਿਵੇਂ ਇੱਕ ਚੰਗਾ ਕਰਨ ਵਾਲਾ। ਇਹ ਸਭ ਕੁਝ ਪਰਮੇਸ਼ੁਰ ਵਿੱਚ ਸੀ, ਅਤੇ ਪਰਮੇਸ਼ੁਰ ਆਪਣੀ ਹੋਂਦ ਆਪ ਰੱਖਦਾ ਸੀ। ਪਰ ਉਹ ਇੱਕ ਮੁਕਤੀਦਾਤਾ ਸੀ, ਉਹ ਪਿਤਾ ਸੀ-… ਉਸ ਕੋਲ ਇੱਕ ਦੂਤ ਨਹੀਂ ਸੀ, ਉਸ ਕੋਲ ਕੁਝ ਵੀ ਨਹੀਂ ਸੀ। ਉਥੇ ਉਸ ਤੋਂ ਬਿਨਾਂ ਹੋਰ ਕੁਝ ਨਹੀਂ ਸੀ। ਉਹ ਆਪਣੀ ਹੋਂਦ ਆਪ ਰੱਖਦਾ ਸੀ। ਪਰਮੇਸ਼ੁਰ ਤੋਂ ਸਿਵਾ ਹੋਰ ਕੁਝ ਵੀ ਹੋਂਦ ਵਿੱਚ ਨਹੀਂ ਸੀ।

45 ਪਰ ਉਹ ਪਰਮੇਸ਼ੁਰ ਸੀ, ਇਸ ਲਈ ਉਸ ਦੀ ਉਪਾਸਨਾ ਕਰਨ ਲਈ ਕੁਝ ਨਾ ਕੁਝ ਹੋਣਾ ਚਾਹੀਦਾ ਸੀ, ਕਿਉਂਕਿ ਉਹ ਉਪਾਸਨਾ ਨੂੰ ਪਸੰਦ ਕਰਦਾ ਸੀ। ਅਤੇ ਉਸ ਨੇ ਆਪ ਹੀ ਆਪਣੀ ਉਪਾਸਨਾ ਕਰਨ ਲਈ ਜੀਵ ਬਣਾਏ। ਹੁਣ, ਅਸਥਾਈ ਤੌਰ ਤੇ, ਆਓ ਇਸ ਨੂੰ ਦੁਬਾਰਾ ਪਾਰ ਕਰੀਏ, ਅਸਥਾਈ ਤੌਰ ਤੇ, ਹੁਣ ਅਸੀਂ ਸਾਰੀ ਚੀਜ ਵਿੱਚੋਂ ਨਹੀਂ ਲੰਘਾਂਗੇ, ਪਰ ਇਹ ਤੁਹਾਨੂੰ ਟੇਪ ਉੱਤੇ ਮਿਲ ਜਾਵੇਗਾ।ਪਰ ਫਿਰ ਕਿਉਂਕਿ ਉਹ ਪਰਮੇਸ਼ੁਰ ਸੀ, ਉਸਨੇ ਦੂਤ ਬਣਾਏ, ਅਤੇ ਦੂਤ ਉਸਦੀ ਉਪਾਸਨਾ ਕਰਨ ਲੱਗੇ। ਦੂਤ ਅਜੇ ਵੀ ਉਸ ਦੀ ਉਪਾਸਨਾ ਕਰਦੇ ਹਨ। ਕਿਉਂ, ਉਹ ਦੂਤ ਜਿਹੜੇ ਪਰਮੇਸ਼ੁਰ ਦੀ ਹਜ਼ੂਰੀ ਵਿਚ ਖੜ੍ਹੇ ਹਨ ਉਨ੍ਹਾਂ ਦੇ ਛੇ, ਖੰਭਾਂ ਦੇ ਸਮੂਹ, ਛੇ ਖੰਭ ਹਨ। ਉਹ ਦੋ ਉਨ੍ਹਾਂ ਦੇ ਚਿਹਰੇ ਉੱਤੇ, ਦੋ ਆਪਣੇ ਪੈਰਾਂ ਉੱਤੇ, ਅਤੇ ਦੋ ਨਾਲ ਉੱਡਦੇ ਹਨ, ਉਸ ਦੀ ਹਜ਼ੂਰੀ ਵਿੱਚ, ਦਿਨ ਰਾਤ ਪੁਕਾਰਦੇ ਹਨ, "ਪਵਿੱਤਰ, ਪਵਿੱਤਰ, ਪਵਿੱਤਰ, ਸਰਵ ਸ਼ਕਤੀਮਾਨ ਪ੍ਰਭੂ।" ਇਹੀ ਹੈ ਜੋ ਵਚਨ ਕਹਿੰਦਾ ਹੈ। ਉਨ੍ਹਾਂ ਨੇ ਉਸਦੀ ਉਪਾਸਨਾ ਕੀਤੀ, ਹੁਣ ਉਸ ਨੇ ਉਸਦੀ ਉਪਾਸਨਾ ਕਰਨ ਲਈ ਕੁਝ ਬਣਾਇਆ ਹੈ।

46 ਫਿਰ ਉਸ ਦੇ ਅੰਦਰ ਮੁਕਤੀਦਾਤਾ ਦਾ ਇੱਕ ਗੁਣ ਸੀ। ਉਨ੍ਹਾਂ ਜੀਵ-ਜੰਤੂਆਂ ਵਿਚੋਂ ਇਕ ਵੀ ਕਿਵੇਂ, ਜਦੋਂ ਕੋਈ ਪਾਪ ਨਹੀਂ ਸੀ ਜਾਂ ਪਾਪ ਬਾਰੇ ਕੋਈ ਵਿਚਾਰ ਨਹੀਂ ਸੀ, ਉਨ੍ਹਾਂ ਵਿਚੋਂ ਇਕ ਵੀ ਕਿਵੇਂ ਨਾਸ਼ ਹੋ ਸਕਦਾ ਸੀ? ਇਹ ਨਹੀਂ ਹੋ ਸਕਦਾ ਸੀ। ਇਸ ਲਈ ਇੱਥੇ ਕੁਝ ਅਜਿਹਾ ਬਣਾਉਣਾ ਪਿਆ ਜੋ ਗੁਆਚ ਸਕਦਾ ਹੈ, ਤਾਂ ਜੋ ਉਹ ਮੁਕਤੀਦਾਤਾ ਹੋ ਸਕੇ। ਉਸਦੇ ਅੰਦਰ ਇੱਕ ਚੰਗਾ ਕਰਨ ਵਾਲਾ ਸੀ। ਕੀ ਤੁਹਾਨੂੰ ਵਿਸ਼ਵਾਸ ਹੈ ਕਿ ਉਹ ਮੁਕਤੀਦਾਤਾ ਹੈ? ਤੁਸੀਂ ਵਿਸ਼ਵਾਸ ਕਰਦੇ ਹੋ ਕਿ ਉਹ ਇੱਕ ਚੰਗਾ ਕਰਨ ਵਾਲਾ ਹੈ? ਪਰ ਉਦੋਂ ਕੀ ਹੁੰਦਾ ਜੇ ਬਚਾਉਣ ਜਾਂ ਚੰਗਾ ਕਰਨ ਲਈ ਕੁਝ ਨਹੀਂ ਸੀ? ਦੇਖੋ, ਉਥੇ ਕੁਝ ਤਾਂ ਇਸ ਤਰ੍ਹਾਂ ਦਾ ਬਣਾਉਣਾ ਪੈਣਾ ਸੀ।

47 ਇਸ ਲਈ ਹੁਣ, ਉਸ ਨੇ ਇਸ ਨੂੰ ਕਦੇ ਵੀ ਇਸ ਤਰ੍ਹਾਂ ਨਹੀਂ ਬਣਾਇਆ, ਪਰ ਮਨੁੱਖ ਨੂੰ ਅਜਾਦ ਨੈਤਿਕ ਜਿੰਮੇਵਾਰੀ ਤੇ ਪਾ ਦਿੱਤਾ, "ਜੇ ਤੂੰ *ਇਸ* ਨੂੰ ਲਵੇਂਗਾ ਤਾਂ ਤੂੰ ਜੀਵੇਂਗਾ, ਜੇ ਤੂੰ *ਉਸ* ਨੂੰ ਲਵੇਂਗਾ ਤਾਂ ਤੂੰ ਮਰੇਂਗਾ।" ਅਤੇ ਹਰੇਕ ਮਨੁੱਖ ਜਿਹੜਾ ਜਗਤ ਵਿੱਚ ਆਉਂਦਾ ਹੈ ਸੋ ਇਸੇ ਆਧਾਰ ਤੇ ਆਉਂਦਾ ਹੈ। ਪਰਮੇਸ਼ੁਰ, ਆਪਣੇ ਪੂਰਵ ਗਿਆਨ ਦੁਆਰਾ, ਜਾਣਦਾ ਸੀ ਕਿ ਕੌਣ ਕਰੇਗਾ ਤੇ ਕੌਣ ਨਹੀਂ ਕਰੇਗਾ। ਜੇ ਪਰਮੇਸ਼ੁਰ...

48 ਇਹ ਸਵਾਲ ਕੱਲ ਇਕ ਧਰਮ ਸ਼ਾਸਤਰੀ ਦੁਆਰਾ ਮੇਰੇ ਤੋਂ ਪੁੱਛਿਆ ਗਿਆ ਸੀ, ਉਹ ਸਭਾਵਾਂ ਵਿਚ ਭਾਗ ਲੈ ਰਿਹਾ ਹੈ ਜਾਂ ਟੇਪ ਸੁਣ ਰਿਹਾ ਸੀ,

ਉਸ ਨੇ ਕਿਹਾ, “ਇਕ ਸਵਾਲ!” ਉਸਨੇ ਕਿਹਾ, “ਤਾਂ ਫਿਰ ਪਰਮੇਸ਼ੁਰ ਸਰਵ ਵਿਆਪੀ ਹੈ? ਫਿਰ,” ਉਸਨੇ ਕਿਹਾ, “ਉਹ ਹਰ ਜਗ੍ਹਾ ਹੋ ਸਕਦਾ ਹੈ?”

49 ਮੈਂ ਕਿਹਾ, “ਉਹ ਉਸ ਤਰ੍ਹਾਂ ਸਰਵ ਵਿਆਪੀ ਨਹੀਂ ਹੈ ਜਿਸ ਤਰ੍ਹਾਂ ਸ਼ਬਦ ਕਹਿੰਦਾ ਹੈ। ਉਹ ਇੱਕ ਪ੍ਰਾਣੀ ਹੋ ਕੇ ਸਰਵ ਵਿਆਪੀ ਨਹੀਂ ਹੋ ਸਕਦਾ। ਜੇ ਉਹ ਸਰਵ ਵਿਆਪੀ ਹੈ, ਤਾਂ ਫਿਰ ਤੁਸੀਂ ਪਵਿੱਤਰ ਆਤਮਾ ਲਈ ਪ੍ਰਾਰਥਨਾ ਕਿਉਂ ਕਰੋਗੇ? ਜੇ ਉਹ ਸਰਵ ਵਿਆਪਕ ਹੈ, ਉਹ ਹਰ ਦਰਾੜ, ਕੋਨੇ, ਤਰੇੜ, ਹਰ ਸੈੱਲ, ਰੇਸ਼ੇ, ਹਰੇਕ ਚੀਜ ਵਿੱਚ ਉਹ ਹੈ।” ਮੈਂ ਕਿਹਾ, “ਉਸਨੇ ਮੂਸਾ ਦੀ ਭਾਲ ਕਿਉਂ ਕੀਤੀ, ਜੇ ਉਹ ਸਰਬ ਵਿਆਪੀ ਹੈ, ਸਰਾਂ ਵਿੱਚ? ਉਹ ਅਦਨ ਦੇ ਬਾਗ਼ ਵਿੱਚ ਇਧਰ ਉਧਰ ਪੁਕਾਰਦਾ ਹੋਇਆ ਕਿਉਂ ਦੋੜਿਆ, ‘ਆਦਮ, ਆਦਮ, ਤੂੰ ਕਿਥੇ ਹੈਂ?’ ਜੇ ਉਹ ਸਰਵ ਵਿਆਪੀ ਹੈ?”

50 ਉਹ ਸਰਵ ਵਿਆਪੀ ਹੈ ਕਿਉਂਕਿ ਉਹ ਸਭ ਕੁਝ ਜਾਣਦਾ ਹੈ। ਉਹ ਸਭ ਕੁਝ ਜਾਣਦਾ ਹੈ ਕਿਉਂਕਿ ਉਹ ਅਨੰਤ ਹੈ, ਅਨੰਤ ਹੋਣਾ ਉਸ ਨੂੰ ਸਰਵ ਵਿਆਪਕ ਬਣਾਉਂਦਾ ਹੈ। ਸਰਵ ਵਿਆਪਕ ਹੋ ਕੇ, ਫਿਰ, ਅਨੰਤ ਹੋ ਕੇ, ਉਹ ਸਵਰਗਾਂ ਵਿਚ ਬੈਠਾ ਹੈ। ਉਹ ਇੱਕ ਜਗ੍ਹਾ ਤੇ ਰਹਿੰਦਾ ਹੈ ਕਿਉਂਕਿ ਉਹ ਜੀਵ ਹੈ।

51 ਪਰ, ਅਨੰਤ ਹੋ ਕੇ, ਉਹ ਸਭ ਕੁਝ ਜਾਣਦਾ ਹੈ। ਜਦ ਵੀ ਇੱਕ ਮਛਰ ਆਪਣੀ ਅੱਖ ਝਪਕਦਾ ਹੈ ਉਹ ਜਾਣਦਾ ਹੈ। ਹਰੇਕ ਭੂੰਡ ਨੂੰ ਜਾਣਦਾ ਹੈ, ਆਪਣਾ ਸਹਿਤ ਲੈਣ ਲਈ ਉਹ ਕਿਥੇ ਜਾਂਦਾ ਹੈ। ਉਹ ਹਰ ਚਿੜੀ ਨੂੰ ਜਾਣਦਾ ਹੈ ਜੋ ਰੁੱਖ ਉੱਤੇ ਰਹਿੰਦੀ ਹੈ। ਉਹ ਹਰ ਵਿਚਾਰ ਨੂੰ ਜਾਣਦਾ ਹੈ ਜੋ ਤੁਹਾਡੇ ਦਿਮਾਗ ਵਿੱਚ ਹੈ, ਕਿਉਂਕਿ ਉਹ ਬੇਅੰਤ ਹੈ ਅਤੇ ਸਭ ਕੁਝ ਜਾਣਦਾ ਹੈ। ਭਾਵ, ਉਹ ਕੇਵਲ ਅਨੰਤ ਹੀ ਨਹੀਂ, ਉਹ ਸਰਬ-ਵਿਆਪਕ ਹੈ, ਉਹ ਸਭ ਕੁਝ ਜਾਣਦਾ ਹੈ। ਪਰ ਉਹ ਇੱਕ ਜੀਵ ਹੈ, ਪਰਮੇਸ਼ੁਰ ਇੱਕ ਜੀਵ ਹੈ, ਅਤੇ ਇਸ ਜੀਵ ਤੋਂ ਇਹ ਜਨਮ ਲੈਣਾ ਸ਼ੁਰੂ ਕਰਦਾ ਹੈ।

52 ਅਤੇ ਪਾਪ, ਮੈਂ ਉਸ ਰਾਤ ਕਿਹਾ ਸੀ, ਕਿ ਪਾਪ ਇੱਕ ਰਚਨਾ ਨਹੀਂ ਹੈ। ਸਿੱਧਤਾ ਤੋਂ ਬਗੈਰ ਹੋਰ ਕਿਸੇ ਚੀਜ ਦੀ ਰਚਨਾ ਨਹੀਂ ਕੀਤੀ ਗਈ। ਪਰਮੇਸ਼ੁਰ ਨੇ ਸਭ ਚੀਜਾਂ ਚੰਗੀਆਂ ਬਣਾਈਆਂ। ਪਾਪ ਇੱਕ ਰਚਨਾ ਨਹੀਂ ਹੈ। ਕਿਹਾ, “ਖੈਰ, ਇਹ ਹੀ ਪਾਪ ਦੀ ਰਚਨਾ ਹੈ।” ਤੁਸੀਂ ਸੁਣਿਆ ਹੈ। ਪਰ ਇਹ ਇਕ ਗਲਤੀ ਹੈ। ਪਾਪ...ਇਥੇ ਕੇਵਲ ਇੱਕ ਸਿਰਜਣਹਾਰ ਹੈ, ਉਹ ਪਰਮੇਸ਼ੁਰ ਹੈ। ਪਰਮੇਸ਼ੁਰ ਪਾਪ ਦੀ ਰਚਨਾ ਨਹੀਂ ਕਰ ਸਕਦਾ ਸੀ, ਕਿਉਂਕਿ ਉਹ ਪਵਿੱਤਰ ਹੈ ਅਤੇ ਉਸ ਵਿੱਚ ਕੁਝ ਵੀ ਅਜਿਹਾ ਨਹੀਂ ਹੈ ਜੋ ਇਸਦੀ ਰਚਨਾ ਕਰੇ। ਪਾਪ ਵਿਗਾੜ ਹੈ; ਰਚਨਾ ਨਹੀਂ, ਪਰ ਇਹ ਵਿਗਾੜ ਹੈ। ਵਿਭਚਾਰ, ਇੱਕ ਸਹੀ ਕੰਮ

ਦਾ ਵਿਗਾੜ ਹੈ। ਇੱਕ ਝੂਠ ਸਚ ਨੂੰ ਗਲਤ ਤਰੀਕੇ ਨਾਲ ਦੱਸਿਆ ਜਾਣਾ ਹੈ। ਹਰੇਕ ਪਾਪ, ਹਰੇਕ ਪਾਪ ਧਰਮ ਦਾ ਵਿਗਾੜ ਹੈ।

53 ਇਸ ਲਈ ਹੁਣ, ਪਰਮੇਸ਼ੁਰ ਤੈਅ ਕਰਦਾ ਹੈ। ਉਹ ਪਹਿਲਾਂ ਹੀ ਪ੍ਰਗਟ ਹੋ ਗਿਆ ਹੈ, ਉਹ ਪਰਮੇਸ਼ੁਰ ਹੈ। ਉਹ ਪਹਿਲਾਂ ਹੀ ਆਪਣੇ ਆਪ ਨੂੰ ਮੁਕਤੀਦਾਤਾ ਵਜੋਂ ਪ੍ਰਗਟ ਕਰ ਚੁੱਕਾ ਹੈ, ਮਨੁੱਖ ਨਾਸ਼ ਹੋ ਗਿਆ ਸੀ ਅਤੇ ਉਸਨੇ ਉਨ੍ਹਾਂ ਨੂੰ ਬਚਾਇਆ ਸੀ। ਉਹ ਪਹਿਲਾਂ ਹੀ ਆਪਣੇ ਆਪ ਨੂੰ ਇੱਕ ਚੰਗਾ ਕਰਨ ਵਾਲਾ ਵਜੋਂ ਪ੍ਰਗਟ ਕਰ ਦਿਤਾ ਹੈ। ਕੋਈ ਫਰਕ ਨਹੀਂ ਪੈਂਦਾ ਕਿ ਲੋਕ ਉਸ ਨੂੰ ਕੀ ਕਹਿੰਦੇ ਹਨ; ਅਤੇ ਉਹ ਹੈ, ਕਿਸੇ ਵੀ ਤਰ੍ਹਾਂ, ਬਿਲਕੁਲ ਉਹੀ। ਉਹ ਇੱਕ ਚੰਗਾ ਕਰਨ ਵਾਲਾ ਹੈ, ਉਹ ਇਕ ਮੁਕਤੀਦਾਤਾ ਹੈ, ਉਹ ਪਰਮੇਸ਼ੁਰ ਹੈ, ਉਹ ਅਨੰਤ ਹੈ। ਅਤੇ ਉਸਦਾ ਇੱਕ ਉਦੇਸ਼ ਹੈ। ਅਤੇ ਉਸਦਾ ਉਦੇਸ਼ ਸ਼ੁਰੂਆਤ ਵਿੱਚ ਸੀ, ਉਹ ਜੀਵ ਬਣਾਉਣੇ ਜੋ ਉਸਨੂੰ ਪਿਆਰ ਕਰਨ ਅਤੇ ਉਸਦੀ ਉਪਾਸਨਾ ਕਰਨ।

54 ਅਤੇ ਉਸਨੇ ਜੀਵ ਬਣਾਏ, ਅਤੇ ਜੀਵ ਡਿੱਗ ਗਏ। ਅਤੇ ਤਦ ਪਰਮੇਸ਼ੁਰ ਨੇ, ਆਪਣੇ ਅਨੰਤ-ਚੱਕਰ ਦੁਆਰਾ, ਸਮੇਂ ਦੀ ਧਾਰਾ ਵਿੱਚ ਵੇਖਿਆ ਅਤੇ ਹਰ ਇੱਕ ਮਨੁੱਖ ਨੂੰ ਵੇਖਿਆ ਜੋ ਬਚਾਇਆ ਜਾਵੇਗਾ। ਹਰੇਕ ਮਨੁੱਖ ਨੂੰ, ਉਹ ਇਸਨੂੰ ਪਹਿਲਾਂ ਤੋਂ...ਪੂਰਵਗਿਆਨ ਦੁਆਰਾ ਜਾਣਦਾ ਸੀ। ਇਸ ਲਈ ਜੇ, ਆਪਣੇ ਪੂਰਵ ਗਿਆਨ ਦੁਆਰਾ, ਉਹ ਜਾਣਦਾ ਸੀ ਕਿ ਕੌਣ ਬਚਾਇਆ ਜਾਵੇਗਾ ਅਤੇ ਕਿਸ ਨੂੰ ਨਹੀਂ ਬਚਾਇਆ ਜਾਵੇਗਾ, ਤਾਂ ਉਹ ਪਹਿਲਾਂ ਤੋਂ ਠਹਿਰਾ ਸਕਦਾ ਸੀ। ਇਸ ਲਈ, ਇਹ ਸ਼ਬਦ ਇੰਨਾ ਬੁਰਾ ਸ਼ਬਦ ਨਹੀਂ ਹੈ, ਕੀ ਇਹ ਹੈ? ਉਹ ਪਹਿਲਾਂ ਤੋ ਠਹਿਰਾ ਸਕਦਾ ਸੀ, ਕਿਉਂਕਿ ਉਹ ਜਾਣਦਾ ਸੀ ਕਿ ਕੌਣ ਬਚਾਇਆ ਜਾਵੇਗਾ ਅਤੇ ਕੌਣ ਨਹੀਂ ਬਚਾਇਆ ਜਾਵੇਗਾ। ਇਸ ਲਈ, ਉਹਨਾਂ ਲੋਕਾਂ ਨੂੰ ਫੜਨ ਲਈ ਜੋ ਬਚਾਏ ਜਾਣੇ ਸਨ, ਉਸਨੂੰ ਉਹਨਾਂ ਦੇ ਪਾਪਾਂ ਦਾ ਇੱਕ—ਇੱਕ ਪ੍ਰਾਸਚਿਤ ਬਣਾਉਣਾ ਪਿਆ। ਔਹ, ਜੇ ਅਸੀਂ ਕਰ ਸਕਦੇ ਹਾਂ, ਅਸੀਂ ਹੇਠਾਂ, ਕੁਝ ਆਇਤਾਂ ਵੱਲ ਜਾਣਾ ਚਾਹੁੰਦੇ ਹਾਂ। ਉਸਨੇ ਸਾਨੂੰ ਅਨੰਤ ਜੀਵਨ ਲਈ ਪਹਿਲਾਂ ਤੋ ਠਹਿਰਾਇਆ, ਇਹ ਜਾਣਦੇ ਹੋਏ ਕਿ ਉਹ ਜੋ ਸਭ ਕੁਝ ਇੱਕ ਪਾਸੇ ਰੱਖ ਦੇਣਗੇ, ਅਤੇ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਇਹ ਵਿਸ਼ਵ ਦੇ ਬੱਚਿਆਂ ਪ੍ਰਤੀ ਕਿੰਨਾ ਉਦਾਸੀ ਭਰਿਆ ਦਿੱਸੇਗਾ, ਇਸਦਾ ਉਨ੍ਹਾਂ ਲਈ ਕੁਝ ਵੀ ਅਰਥ ਨਹੀਂ ਹੋਵੇਗਾ, ਕਿਉਂਕਿ ਉਹ ਪਰਮੇਸ਼ੁਰ ਦੇ ਬੱਚੇ ਸਨ। ਅਤੇ ਉਸਨੇ ਉਨ੍ਹਾਂ ਨੂੰ ਬੁਲਾਇਆ।

55 ਅਤੇ ਉਸਨੇ ਯਿਸੂ ਨੂੰ ਭੇਜਿਆ, ਤਾਂ ਜੋ ਉਸਦਾ ਲਹੂ ਪ੍ਰਾਸਚਿਤ ਹੋਵੇ, ਲਹੂ ਦਾ ਪ੍ਰਾਸਚਿਤ, ਇੱਕ ਪ੍ਰਾਸਚਿਤ ਕਰਨ ਲਈ, ਜਾਂ ਇੱਕ—ਇੱਕ ਸਵੀਕਾਰਨਾ, ਜਾਂ ਇੱਕ ਸੁਧੀਕਰਨ। ਇੱਕ ਸਫਾਈ ਪ੍ਰਕਿਰਿਆ ਨੂੰ ਨਿਰੰਤਰ...ਕੇਵਲ ਇੱਕ

ਬੇਦਾਰੀ ਲਈ ਇੱਕ ਵਾਰ ਨਹੀਂ, ਬਲਕਿ "ਸਦਾ ਜੀਉਂਦੇ ਰਹਿ ਕੇ, ਵਿਚੋਲਗੀ ਕਰਨਾ," ਤਾਂ ਜੋ ਮਸੀਹੀ ਲੋਕਾਂ ਨੂੰ ਦਿਨ ਰਾਤ ਸਾਫ਼ ਰਖਿਆ ਜਾ ਸਕੇ। ਯਿਸੂ ਮਸੀਹ ਦਾ ਲਹੂ ਹੈ ਜੋ ਉਥੇ ਇੱਕ—ਇੱਕ ਸਲੀਬ ਤੇ ਪਰਮੇਸ਼ੁਰ ਦੀ ਹਜ਼ੂਰੀ ਵਿਚ, ਇਕ...ਪ੍ਰਾਸਚਿਤ ਬਣਾਉਂਦਾ ਹੈ, ਜਿਹੜਾ ਸਾਨੂੰ ਨਿਰੰਤਰ, ਰਾਤ ਅਤੇ ਦਿਨ, ਸਾਰੇ ਪਾਪਾਂ ਤੋਂ ਸਾਫ ਕਰਦਾ ਰਹਿੰਦਾ ਹੈ। ਅਤੇ ਸਾਨੂੰ ਸੁਰੱਖਿਅਤ ਢੰਗ ਨਾਲ ਅੰਦਰ ਲਿਆਂਦਾ ਗਿਆ ਹੈ। ਕਿਵੇਂ ਅੰਦਰ ਲਿਆਂਦਾ ਗਿਆ ਹੈ? ਪਵਿੱਤਰ ਆਤਮਾ ਦੁਆਰਾ, ਪ੍ਰਭੂ ਯਿਸੂ ਦੇ ਸਰੀਰ ਵਿੱਚ, ਅਤੇ ਸੁਰੱਖਿਅਤ। "ਜੋ ਮੇਰਾ ਬਚਨ ਸੁਣਦਾ ਅਤੇ ਉਹ ਦੀ ਪਰਤੀਤ ਕਰਦਾ ਹੈ ਜਿਨ੍ਹ ਮੈਨੂੰ ਘੱਲਿਆ, ਸਦੀਪਕ ਜੀਉਣ ਉਹ ਦਾ ਹੈ ਅਰ ਉਸ ਉੱਤੇ ਸਜ਼ਾ ਦਾ ਹੁਕਮ ਨਹੀਂ ਹੁੰਦਾ, ਸਗੋਂ ਮੌਤ ਤੋਂ ਪਾਰ ਲੰਘ ਕੇ ਉਹ ਜੀਉਣ ਵਿੱਚ ਜਾ ਪਹੁੰਚਿਆ ਹੈ।" ਹੁਣ ਕੋਈ ਨਿਆਂ ਨਹੀਂ! ਮਸੀਹੀ ਕਦੇ ਵੀ ਨਿਆਂ ਵਿਚ ਨਹੀਂ ਜਾਂਦਾ। ਮਸੀਹ ਉਸ ਦੇ ਲਈ ਗਿਆ। ਮੇਰਾ ਵਕੀਲ ਮੇਰੀ ਜਗ੍ਹਾ ਖੜ੍ਹਾ ਸੀ। ਉਸਨੇ ਮੇਰੇ ਮੁਕਦਮੇ ਦੀ ਵਕਾਲਤ ਕੀਤੀ, ਕਿ ਮੈਂ ਅਣਜਾਣ ਸਾਂ। ਉਸ ਨੇ ਪਿਤਾ ਨੂੰ ਕਿਹਾ ਕਿ ਮੈਂ ਲਾਇਕ ਨਹੀਂ ਸੀ, ਮੈਂ ਅਣਜਾਣ ਸੀ। ਪਰ ਉਸਨੇ ਮੈਨੂੰ ਪਿਆਰ ਕੀਤਾ ਅਤੇ ਉਸਨੇ ਮੇਰੀ ਜਗ੍ਹਾ ਲੈ ਲਈ, ਅਤੇ ਮੇਰੇ ਮੁਕਦਮੇ ਦੀ ਵਕਾਲਤ ਕੀਤੀ, ਅਤੇ ਅੱਜ ਮੈਂ ਆਜ਼ਾਦ ਹਾਂ! ਹਾਂ, ਸ਼੍ਰੀਮਾਨ। ਅਤੇ ਉਸਨੇ ਆਪਣਾ ਲਹੂ ਵਹਾਇਆ, ਸਾਡੇ ਪਾਪਾਂ ਦੇ ਬਦਲੇ।

56 ਪਿਛਲੇ ਬੁੱਧਵਾਰ ਰਾਤ ਨੂੰ ਯਾਦ ਕਰੋ, ਕੋਈ ਮਸੀਹੀ...ਮਸੀਹੀ ਪਾਪ ਕਰਦਾ ਹੈ, ਪਰ ਇੱਕ ਪਾਪੀ ਪਾਪ ਨਹੀਂ ਕਰ ਸਕਦਾ। ਇੱਕ ਪਾਪੀ ਪਾਪ ਨਹੀਂ ਕਰਦਾ, ਕਿਉਂਕਿ ਉਹ ਇੱਕ ਪਾਪੀ ਹੈ। ਉਹ ਸ਼ੁਰੂਆਤ ਤੋਂ ਹੀ ਇੱਕ ਪਾਪੀ ਹੈ, ਅਤੇ ਇਹੀ ਸਭ ਕੁਝ ਹੈ। ਇੱਥੇ, ਇਸ—ਇਸ ਕਿਤਾਬ ਦਾ ਪਿਛਲਾ ਪਾਸਾ, ਇਹ ਕਾਲਾ ਹੈ, ਉਸ ਵਿੱਚੋਂ ਕਿੰਨਾ ਕਾਲਾ ਹੈ? ਇਹ ਸਾਰਾ ਕਾਲਾ ਹੈ। ਇਸ ਲਈ ਇਥੇ ਕੋਈ ਚਿੱਟਾ ਨਹੀਂ ਹੈ, ਇਹ ਕਾਲਾ ਹੈ। ਤੁਸੀਂ ਕਹਿੰਦੇ ਹੋ, "*ਇੰਨਾ ਕੁ* ਹੈ।" ਨਹੀਂ, ਇਹ ਨਹੀਂ ਹੈ, ਸਾਰੀ ਚੀਜ਼ ਕਾਲੀ ਹੈ। ਇਹ ਸਭ ਕਾਲਾ ਹੈ। ਇੱਕ ਪਾਪੀ ਦਾ ਹਾਲ ਇਹੀ ਹੈ। ਉਹ ਤਾਂ ਸੁਰੂਆਤ ਤੋਂ ਹੀ ਦੋਸ਼ੀ ਹੈ। ਅੱਛਾ, ਤੁਸੀਂ ਕਹਿੰਦੇ ਹੋ, "ਉਦੋਂ ਕੀ ਹੋਵੇਗਾ ਜੇ ਉਹ ਹਰਾਮਕਾਰੀ ਦਾ ਪਾਪ ਕਰਦਾ ਹੈ? ਉਦੋਂ ਕੀ ਜੇ ਉਹ ਕਿਸੇ ਔਰਤ ਨਾਲ ਬਦਸਲੂਕੀ ਕਰਦਾ ਹੈ? ਉਦੋਂ ਕੀ ਜੇ ਉਹ—ਜੇ ਉਹ ਜੂਆ ਖੇਡਦਾ ਹੈ? ਕੀ ਜੇ ਉਹ ਕਿਸੇ ਨੂੰ ਗੋਲੀ ਮਾਰ ਦੇਵੇ?" ਇਸ ਨਾਲ ਸਾਡਾ ਕੋਈ ਲੈਣਾ ਦੇਣਾ ਨਹੀਂ ਹੈ। ਇਸ ਨਾਲ ਸਾਡਾ ਕੋਈ ਲੈਣਾ ਦੇਣਾ ਨਹੀਂ ਹੈ, ਇਸਦੀ ਦੇਖਭਾਲ ਲਈ ਸਾਨੂੰ ਇੱਥੇ ਕਾਨੂੰਨ ਹਨ। ਅਸੀਂ ਸੁਧਾਰਕ ਨਹੀਂ ਹਾਂ, ਅਸੀਂ ਖੁਸ਼ਖਬਰੀ ਦੇ ਪ੍ਰਚਾਰਕ ਹਾਂ। ਉਸ ਨੇ ਜੋ ਕੀਤਾ ਉਸ ਲਈ ਅਸੀਂ ਉਸ ਨੂੰ ਦੋਸ਼ੀ ਨਹੀਂ ਠਹਿਰਾਉਂਦੇ, ਅਸੀਂ ਹਰਾਮਕਾਰੀ

ਕਰਨ ਲਈ ਉਸ ਨੂੰ ਦੋਸ਼ੀ ਨਹੀਂ ਠਹਿਰਾਉਂਦੇ। ਅਸੀਂ ਉਸਦੀ ਨਿੰਦਾ ਕਰਦੇ ਹਾਂ ਕਿਉਂਕਿ ਉਹ ਪਾਪੀ ਹੈ! ਜੇ ਉਹ ਇਕ ਮਸੀਹੀ ਹੈ, ਤਾਂ ਉਹ ਇਹ ਨਹੀਂ ਕਰੇਗਾ। ਇਹ ਠੀਕ ਹੈ। ਜੇ ਉਹ ਬਦਲ ਗਿਆ ਹੈ, ਉਹ ਅਜਿਹਾ ਨਹੀਂ ਕਰੇਗਾ। ਪਰ ਕਿਉਂਕਿ ਉਹ ਪਾਪੀ ਹੈ, ਇਹੀ ਉਹ ਹੈ ਜੋ ਉਸਨੂੰ ਅਜਿਹਾ ਕਰਨ ਲਈ ਪ੍ਰੇਰਿਤ ਕਰਦਾ ਹੈ।

57 ਇੱਥੇ ਉਹ ਥਾਂ ਹੈ ਜਿੱਥੇ ਕਾਨੂੰਨੀ ਮਾਹਰਾਂ ਦੇ ਅੰਦਰੋ ਵਕੀਲ ਬਾਹਰ ਆਉਂਦਾ ਹੈ। ਹਾਂ, ਸ਼੍ਰੀਮਾਨ। ਭਰਾਵੋ, ਮੈਂ ਤੁਹਾਨੂੰ ਦੱਸ ਦੇਵਾਂ, “ਇਹ ਕੰਮਾਂ ਦੁਆਰਾ ਨਹੀਂ ਹੈ, ਪਰ ਕਿਰਪਾ ਦੁਆਰਾ ਅਸੀਂ ਬਚਾਏ ਗਏ ਹਾਂ, ਅਤੇ ਇਹ ਵਿਸ਼ਵਾਸ ਦੁਆਰਾ ਹੈ।” ਹਾਂ, ਸ਼੍ਰੀਮਾਨ। ਹੁਣ, ਮੈਂ ਕਨੂੰਨਵਾਦੀ ਭਰਾਵਾਂ ਦੀ ਨਿੰਦਾ ਨਹੀਂ ਕਰਾਂਗਾ, ਉਹ ਮੇਰੇ ਭਰਾ ਹਨ। ਅਤੇ ਉਹ ਸਾਰੇ ਉਥੇ ਹੋਣਗੇ ਬੱਸ ਜਿਵੇਂ ਬਾਕੀ ਸਾਰੀ ਉਥੇ ਹੋਣਗੇ, ਕਿਉਂਕਿ ਪਰਮੇਸ਼ੁਰ ਨੇ ਆਪਣੀ ਕਲੀਸਿਯਾ ਨੂੰ ਉਥੇ ਹੋਣ ਲਈ ਪਹਿਲਾਂ ਤੋਂ ਠਹਿਰਾਇਆ। ਪਰ ਸਿਰਫ ਚੀਜ਼, ਤੁਸੀਂ—ਤੁਸੀਂ ਲੋਕਾਂ ਨੂੰ ਇੰਨੇ ਪਾੜ ਕੇ ਰੱਖਦੇ ਹੋ, ਉਹ ਨਹੀਂ ਜਾਣਦੇ ਕਿ ਕੀ ਹੈ। “ਅੱਜ, ਚੰਗਾ, ਹੋ ਸਕਦਾ ਜੇ ਮੈਂ—ਮੈਂ…” ਬੱਸ ਉਹਨਾਂ ਨੂੰ ਦੱਸੋ; ਜਦ ਤੱਕ ਉਨ੍ਹਾਂ ਕੋਲ ਦੁਨੀਆਂ ਦੀ ਭੁੱਖ ਹੈ, ਉਹ ਇਥੇ ਹੋ ਹੀ ਨਹੀਂ ਸਕਦੇ।

58 ਮੈਂ ਆਪਣੀ ਪਤਨੀ ਨਾਲ ਇਸ ਕਰਕੇ ਵਫ਼ਾਦਾਰ ਨਹੀਂ ਰਿਹਾ ਕਿਉਂਕਿ ਮੈਨੂੰ ਲਗਦਾ ਹੈ ਕਿ ਉਹ ਮੈਨੂੰ ਤਲਾਕ ਦੇ ਦਵੇਗੀ। ਮੈਂ ਆਪਣੀ ਪਤਨੀ ਨਾਲ ਸੱਚਾ ਰਹਿੰਦਾ ਹਾਂ ਕਿਉਂਕਿ ਮੈਂ ਉਸ ਨੂੰ ਪਿਆਰ ਕਰਦਾ ਹਾਂ। ਇਹ ਇਕ ਕਾਨੂੰਨੀ ਸਥਾਨ ਹੈ ਜੋ ਅਸੀਂ ਲਿਆ ਹੈ, ਕਿ ਅਸੀਂ ਇਕ ਦੂਜੇ ਨੂੰ ਪਿਆਰ ਕਰਦੇ ਹਾਂ। ਪਹਿਲੀ ਗਲ, ਉਥੇ ਜਾਣ ਤੋਂ ਪਹਿਲਾਂ, ਇਸ ਨੂੰ ਪਿਆਰ ਹੋਣਾ ਚਾਹੀਦਾ ਸੀ। ਮੈਂ ਉਸਨੂੰ ਪਿਆਰ ਕਰਦਾ ਹਾਂ। ਹਾਲਾਂਕਿ ਮੇਰਾ ਵਿਸ਼ਵਾਸ ਹੈ ਕਿ ਜੇ ਮੈਂ ਕੁਝ ਗਲਤ ਕੀਤਾ ਹੈ, ਤਾਂ ਉਹ ਮੈਨੂੰ ਮਾਫ ਕਰ ਦੇਵੇਗੀ, ਫਿਰ ਵੀ ਮੈਂ ਇਹ ਕਿਸੇ ਵੀ ਤਰ੍ਹਾਂ ਨਹੀਂ ਕਰਾਂਗਾ। ਮੈਂ ਉਸਨੂੰ ਪਿਆਰ ਕਰਦਾ ਹਾਂ।

59 ਮਸੀਹ ਦੇ ਨਾਲ ਵੀ ਇਸੇ ਤਰ੍ਹਾਂ ਹੈ। ਜੇ ਮੈਂ—ਜੇ ਮੈਂ ਜਿਉਂਦਾ ਰਹਾਂ…ਮੈਂ ਪੰਜਾਹਾਂ ਦਾ ਹਾਂ, ਜੇ ਮੈਂ ਨੱਬੇ ਜਾਂ ਇਕ ਸੌ ਸਾਲ ਦੀ ਜ਼ਿੰਦਗੀ ਜੀਉਂਦਾ ਹਾਂ, ਪ੍ਰਚਾਰ ਕਰਨ ਲਈ ਅਜੇ ਹੋਰ ਪੰਜਾਹ ਸਾਲ ਹੋਣ, ਅਤੇ ਮੈਂ ਇੱਕ ਵਾਰ ਵੀ ਪ੍ਰਚਾਰ ਨਾ ਕਰਾਂ, ਜਾਵਾਂ ਅਤੇ ਨਦੀ ਕਿਨਾਰੇ ਬੈਠਾਂ, ਮੈਂ ਫਿਰ ਵੀ ਬਚਾਇਆ ਗਿਆ ਹਾਂ। ਪਰਮੇਸ਼ੁਰ ਨੇ ਉਸਦੀ ਕਿਰਪਾ ਨਾਲ ਮੈਨੂੰ ਬਚਾਇਆ, ਮੈਂ ਕੁਝ ਵੀ ਨਹੀਂ ਕਰ ਸਕਦਾ ਸੀ, ਜਾਂ ਕੁਝ ਕੀਤਾ ਸੀ, ਜਾਂ ਕੁਝ ਹੋਰ। ਮੈਂ ਪ੍ਰਚਾਰ ਕਰਦਾ ਹਾਂ ਕਿਉਂਕਿ ਮੈਂ ਉਸ ਨੂੰ ਪਿਆਰ ਕਰਦਾ ਹਾਂ ਅਤੇ ਮੈਂ ਉਸ ਦੇ ਲੋਕਾਂ ਨੂੰ ਪਿਆਰ ਕਰਦਾ ਹਾਂ। ਅਤੇ ਇਹੀ ਕਾਰਨ ਹੈ ਕਿ ਮੈਂ ਜਾਣਦਾ ਹਾਂ ਕਿ ਮੈਂ ਮੌਤ ਨੂੰ ਪਾਰ

ਕਰਕੇ ਜੀਵਨ ਵਿੱਚ ਆ ਗਿਆ ਹਾਂ, ਕਿਉਂਕਿ ਮੈਂ ਉਨ੍ਹਾਂ ਨੂੰ ਪਿਆਰ ਕਰਦਾ ਹਾਂ ਅਤੇ ਮੈਂ ਉਨ੍ਹਾਂ ਦੇ ਮਗਰ ਜਾਂਦਾ ਹਾਂ। ਕੋਈ ਫਰਕ ਨਹੀਂ ਪੈਂਦਾ ਕਿ ਉਹ ਕਿਸ ਕਿਸਮ ਦੇ ਹਾਲਾਤਾਂ ਵਿੱਚ ਹਨ, ਮੈਂ ਕਿਸੇ ਵੀ ਤਰ੍ਹਾਂ ਉਨ੍ਹਾਂ ਦੇ ਮਗਰ ਜਾਂਦਾ ਹਾਂ। ਜਾਓ ਕਿਸੇ ਵੀ ਤਰ੍ਹਾਂ, ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਖਿੱਚੋ। ਜੇ ਸੇਵਕ ਸਹਿਮਤ ਨਹੀਂ ਹੁੰਦੇ ਅਤੇ ਹੋਰ ਅਸਹਿਮਤ ਹੁੰਦੇ ਹਨ, ਅਤੇ ਜਥੇਬੰਦੀਆਂ ਅਸਹਿਮਤ ਹੁੰਦੀਆਂ ਹਨ, ਤਾਂ ਇਸ ਨਾਲ ਮੈਂ ਨਹੀਂ ਰੁਕਾਂਗਾ। ਉਥੇ ਕੁਝ ਹੈ! ਇਸ ਨੇ ਉਸ ਨੂੰ ਨਹੀਂ ਰੋਕਿਆ! ਉਹ ਠੀਕ ਅਵਿਸ਼ਵਾਸ ਦੇ ਵਿਚਕਾਰ ਆਇਆ, ਅਤੇ ਇਹ ਉਸਨੂੰ ਰੋਕ ਨਹੀਂ ਸਕਿਆ, ਉਹ ਕਿਸੇ ਵੀ ਤਰ੍ਹਾਂ ਅਗਾਂਹ ਵੱਧਦਾ ਗਿਆ। ਇਹੀ ਉਹ ਹੈ ਜੋ ਅਸੀਂ ਕਰਦੇ ਹਾਂ, ਬਾਹਰ ਜਾਂਦੇ ਹਾਂ ਅਤੇ ਉਨ੍ਹਾਂ ਨੂੰ ਮਿਲਦੇ ਹਾਂ, ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਫੜਦੇ ਹਾਂ। ਕੁਝ ਵੀ ਹੋਵੇ, ਉਹਨਾਂ ਤੱਕ ਪਹੁੰਚੋ, ਉਹਨਾਂ ਨੂੰ ਫੜੋ, ਆਪਣੀ ਸਾਰੀ ਤਾਕਤ ਨਾਲ ਫੜੋ। ਤੁਸੀਂ ਨਹੀਂ ਜਾਣਦੇ ਉਹ ਕੌਣ ਹਨ। ਉਹਨਾਂ ਨੂੰ ਬਚਾਓ। ਇਹ ਪ੍ਰੇਮ ਦੇ ਕਾਰਨ ਕਰੋ। ਇਸ ਕਰਕੇ ਨਹੀਂ ਕਿ "ਮੈਨੂੰ ਕਰਨਾ ਚਾਹੀਦਾ ਹੈ," ਪਰ ਕਿਉਂਕਿ ਮੈਂ ਪਿਆਰ ਕਰਦਾ ਹਾਂ, ਕਿਉਂਕਿ ਤੁਸੀਂ ਪਿਆਰ ਕਰਦੇ ਹੋ।

60 ਕਹਿੰਦੇ ਹੋ, "ਮੈਨੂੰ ਉਸ ਔਰਤ ਨਾਲ ਸਹੀ ਹੋਣ ਲਈ ਉਸ ਕੋਲ ਜਾਣਾ ਚਾਹੀਦਾ ਹੈ, ਪਰ, ਮੈਂ ਤੁਹਾਨੂੰ ਹੁਣ ਦੱਸਦਾ ਹਾਂ, ਮੇਰਾ ਅੰਦਾਜ਼ਾ ਹੈ ਕਿਉਂਕਿ ਮੈਂ ਚਰਚ ਜਾਂਦਾ ਹਾਂ ਇਸ ਲਈ ਮੈਨੂੰ ਇਸ ਨੂੰ ਸਹੀ ਕਰਨਾ ਚਾਹੀਦਾ ਹੈ।" ਨਹੀਂ, ਉਹ ਤੁਸੀਂ ਹੋ ਜਿਸ ਨੂੰ ਪਹਿਲਾਂ ਸਹੀ ਹੋਣਾ ਚਾਹੀਦਾ ਹੈ। ਸਮਝੇ? ਸਮਝੇ? ਜੇ ਤੁਹਾਡੇ ਦਿਲ ਵਿੱਚ ਪਰਮੇਸ਼ੁਰ ਦਾ ਪ੍ਰੇਮ ਨਹੀਂ ਹੈ, ਕੋਈ ਹੋਰ ਚੀਜ਼ ਤੁਹਾਨੂੰ ਇਹ ਦੱਸਦੀ ਹੈ ਕਿ ਤੁਸੀਂ ਗਲਤ ਹੋ, ਫਿਰ ਤੁਸੀਂ ਜਾਂਦੇ ਹੋ—ਫਿਰ ਪਰਮੇਸ਼ੁਰ ਨਾਲ ਇਸ ਨੂੰ ਸਹੀ ਕਰਦੇ ਹੋ। ਫਿਰ ਤੁਸੀਂ ਇਸ ਨੂੰ ਆਪਣੇ ਗੁਆਂਢੀ ਨਾਲ ਸਹੀ ਕਰੋਂਗੇ।

61 ਯਿਸੂ ਨੇ ਵੀ ਇਹੀ ਗੱਲ ਸਿਖਾਈ ਸੀ। ਉਸਨੇ ਕਿਹਾ, "ਜੇ ਤੂੰ ਜਗਵੇਦੀ ਉੱਤੇ ਆਪਣੀ ਭੇਟ ਚੜ੍ਹਾਉਣ ਲੱਗੇਂ, ਅਰ...ਉੱਥੇ ਤੈਨੂੰ ਚੇਤੇ ਆਵੇ ਜੋ ਮੈਂ ਆਪਣੇ ਭਰਾ ਜਾਂ ਗੁਆਂਢੀ ਨਾਲ ਖੋਟ ਕਮਾਇਆ ਹੈ, ਪਹਿਲਾਂ, ਜਾ ਕੇ ਉਸ ਨਾਲ ਮੇਲ ਕਰ।"

62 ਹੁਣ, ਹੁਣ ਆਉਣ ਵਾਲੇ ਯੁਗਾਂ ਵਿਚ। ਅਸੀਂ ਬੁੱਧਵਾਰ ਦੀ ਰਾਤ ਸੀ, "ਪ੍ਰਗਟਾਵਿਆਂ" ਤੇ ਪ੍ਰਚਾਰ ਕੀਤਾ ਸੀ। ਅਸੀਂ ਅੱਜ ਸਵੇਰੇ ਇਸ ਨੂੰ ਦੁਬਾਰਾ ਲਵਾਂਗੇ, "ਪਰਮੇਸ਼ੁਰ ਦੇ ਪੁੱਤਰਾਂ ਦਾ ਪ੍ਰਗਟ ਹੋਣਾ।" ਦੂਜੇ ਸ਼ਬਦਾਂ ਵਿਚ, ਪਰਮੇਸ਼ੁਰ ਉਡੀਕ ਕਰ ਰਿਹਾ ਹੈ। ਅਤੇ ਫਿਰ ਅੰਤ ਵੇਲੇ ਜਦੋਂ ਅਸੀਂ ਸਾਰੇ ਉਸ ਦੇ ਸਾਮ੍ਹਣੇ ਖੜ੍ਹੇ ਹੁੰਦੇ ਹਾਂ। ਦੂਤ ਨਾਸ਼ ਨਹੀਂ ਹੋਏ ਸਨ। ਉਹ ਨਹੀਂ ਜਾਣਦੇ

ਕਿ ਅਸੀਸਾਂ ਦਾ ਅਨੰਦ ਕਿਵੇਂ ਲਿਆ ਜਾਂਦਾ ਹੈ ਜਿਵੇਂ ਕਿ ਅਸੀਂ ਲੈਂਦੇ ਹਾਂ, ਉਹ ਕਦੇ ਗੁਆਚੇ ਹੋਏ ਨਹੀਂ ਸਨ। ਪਰ ਮੈਂ ਜਾਣਦਾ ਹਾਂ ਕਿ ਮੈਂ ਕਿਥੋਂ ਆਇਆ ਹਾਂ, ਮੈਨੂੰ ਉਹ ਚੱਟਾਨ ਪਤਾ ਹੈ ਜਿਸ ਵਿਚੋਂ ਮੈਨੂੰ ਤਰਾਸ਼ਿਆ ਗਿਆ ਸੀ, ਇੱਕ ਪਾਪੀ। ਤੁਸੀਂ ਜਾਣਦੇ ਹੋ ਕਿ ਤੁਸੀਂ ਕਿੱਥੋਂ ਆਏ ਹੋ। ਹੁਣ ਜਦੋਂ ਅਸੀਂ ਮਿਲ ਗਏ, ਫਿਰ ਅਸੀਂ ਪਰਮੇਸ਼ੁਰ ਦੇ ਸਾਮ੍ਹਣੇ ਖੜੇ ਹੋ ਸਕਦੇ ਹਾਂ। ਔਹ, ਉਹ ਦਿਨ ਕਿਹੋ ਜਿਹਾ ਹੋਵੇਗਾ!

63 ਫਿਰ ਲੇਪਾਲਕਪਣ, ਸਥਾਨ ਤੇ ਰੱਖਿਆ ਜਾਣਾ। ਹੁਣ, ਪਰਮੇਸ਼ੁਰ ਇਸ ਉੱਤੇ ਕੰਮ ਕਰ ਰਿਹਾ ਹੈ। ਅਤੇ ਹੁਣ ਜੇ ਮੈਂ ਇਹ ਤੁਹਾਨੂੰ ਸਮਝਾ ਸਕਾਂ, ਤਾਂ ਅਸੀਂ ਹੁਣ 5ਵੀ ਆਇਤ ਤੋਂ ਸ਼ੁਰੂ ਕਰਾਂਗੇ, ਮੈਂ ਇਸ ਨੂੰ ਪੜ੍ਹਨਾ ਚਾਹੁੰਦਾ ਹਾਂ।

> *ਉਹ ਨੇ ਜੋ ਯਿਸੂ ਮਸੀਹ ਦੇ ਰਾਹੀਂ ਆਪਣੇ ਲਈ ਸਾਨੂੰ ਲੇਪਾਲਕ ਪੁੱਤ੍ਰ ਹੋਣ ਨੂੰ ਅੱਗੋ ਹੀ ਠਹਿਰਾਇਆ,* ਉਸਦੀ ਆਪਣੀ *ਮਰਜ਼ੀ ਦੇ ਨੇਕ ਇਰਾਦੇ ਦੇ ਅਨੁਸਾਰ,*

64 ਇਹ ਉਸਦੀ ਆਪਣੀ ਮਰਜ਼ੀ ਦਾ ਇਰਾਦਾ ਹੈ, ਲੇਪਾਲਕਪਣ, ਸਥਾਨ ਤੇ ਰੱਖਣਾ। ਹੁਣ ਉਹ ਕੀ ਕਰ ਰਿਹਾ ਹੈ? ਆਪਣੀ ਕਲੀਸਿਯਾ ਨੂੰ ਸਥਾਨ ਤੇ ਰੱਖ ਰਿਹਾ ਹੈ। ਪਹਿਲਾਂ, ਉਸ ਨੇ ਆਪਣੀ ਕਲੀਸਿਯਾ ਨੂੰ ਬੁਲਾਇਆ, ਮੈਥੋਡਿਸਟ, ਪ੍ਰੈਸਬੈਟਰਿਅਨ, ਲੂਥਰਨ, ਬੈਪਟਿਸਟ, ਉਹਨਾਂ ਨੂੰ ਬੁਲਾਇਆ। ਫਿਰ ਉਸਨੇ ਕੀ ਕੀਤਾ? ਪਵਿੱਤਰ ਆਤਮਾ ਭੇਜਿਆ ਅਤੇ ਉਨ੍ਹਾਂ ਨੂੰ ਪਵਿੱਤਰ ਆਤਮਾ ਦਾ ਬਪਤਿਸਮਾ ਦਿੱਤਾ।

65 ਮੈਂ ਚਾਹੁੰਦਾ ਹਾਂ ਕਿ ਤੁਸੀਂ ਪੇਂਟੇਕੋਸਟਲ ਲੋਕ ਇਸ ਨੂੰ ਆਪਣੇ ਦਿਲੋਂ ਬਾਹਰ ਕਢ ਦਿਉ। ਪੰਤੇਕੁਸਤ ਕੋਈ ਜਥੇਬੰਦੀ ਨਹੀਂ; ਪੰਤੇਕੁਸਤ ਇੱਕ ਤਜਰਬਾ ਹੈ। ਇਹ ਪਵਿੱਤਰ ਆਤਮਾ ਹੈ। ਇਹ ਕੋਈ ਸੰਸਥਾ ਨਹੀਂ ਹੈ। ਤੁਸੀਂ ਪਵਿੱਤਰ ਆਤਮਾ ਨੂੰ ਸੰਸਥਾਗਤ ਨਹੀਂ ਕਰ ਸਕਦੇ। ਉਹ ਇਸ ਦੇ ਲਈ ਖੜਾ ਨਹੀਂ ਰਹੇਗਾ। ਹੁਣ ਤੁਹਾਡੇ ਕੋਲ ਇੱਕ ਸੰਸਥਾ ਹੈ ਜਿਸ ਨੂੰ ਤੁਸੀਂ ਇਸ ਨਾਮ ਨਾਲ ਬੁਲਾਉਂਦੇ ਹੋ, ਪਰ ਪਵਿੱਤਰ ਆਤਮਾ ਬਾਹਰ ਆ ਜਾਂਦਾ ਹੈ ਅਤੇ ਤੁਹਾਨੂੰ ਉਸੇ ਜਗ੍ਹਾ ਬੈਠ ਰਹਿਣ ਦਿੰਦਾ ਹੈ ਜਿੱਥੇ ਤੁਸੀਂ ਹੋ, ਅਤੇ ਬੱਸ ਅਗਾਂਹ ਵੱਧਦਾ ਜਾਂਦਾ ਹੈ। ਸਮਝੇ? ਪੰਤੇਕੁਸਤ ਕੋਈ ਸੰਸਥਾ ਨਹੀਂ ਹੈ; ਪੰਤੇਕੁਸਤ ਇੱਕ ਤਜਰਬਾ ਹੈ।

66 ਅਤੇ ਫਿਰ ਪਰਮੇਸ਼ੁਰ ਨੇ ਪਵਿੱਤਰ ਆਤਮਾ ਦੇ ਬਪਤਿਸਮੇ ਦੁਆਰਾ, ਆਪਣੇ ਬੱਚਿਆਂ ਨੂੰ ਨਵਾਂ ਜਨਮ ਦਿੱਤਾ। ਉਹ ਬਿਲਕੁਲ ਇਸ ਦੇ ਨੇੜੇ ਆਏ ਸਨ ਜਦੋਂ ਉਨ੍ਹਾਂ ਨੇ ਆਪਣੇ ਆਪ ਨੂੰ ਨਜ਼ਰੀਨ, ਪਿਲਗ੍ਰਿਮ ਪਵਿੱਤਰਤਾ ਦੁਆਰਾ ਸਾਫ ਕੀਤਾ। ਫਿਰ ਪੰਤੇਕੁਸਤ ਦਾ ਤਜਰਬਾ ਆਇਆ, ਜਾਂ ਪਵਿੱਤਰ ਆਤਮਾ ਦਾ ਬਪਤਿਸਮਾ, ਦਾਨਾਂ ਦੀ ਬਹਾਲੀ। ਉਹ ਪਰਾਈਆਂ ਭਾਸ਼ਾਵਾਂ ਅਤੇ ਉਹਨਾਂ

ਦਾ ਤਰਜਮਾ ਕਰਦੇ ਹੋਏ ਅੱਗੇ ਵਧੇ, ਅਤੇ ਚੰਗਾਈ ਅਤੇ ਚਮਤਕਾਰਾਂ ਦੇ ਦਾਨ ਉਹਨਾਂ ਨੂੰ ਦਿੱਤੇ ਗਏ, ਅਤੇ ਚਿੰਨ੍ਹ ਅਤੇ ਚਮਤਕਾਰ ਉਨ੍ਹਾਂ ਦੇ ਨਾਲ ਆਉਣੇ ਸ਼ੁਰੂ ਹੋ ਗਏ। ਹੁਣ ਉਹ ਬੱਚੇ ਹਨ, ਉਹ ਪਰਮੇਸ਼ੁਰ ਦੇ ਬੱਚੇ ਹਨ। ਉਹਨਾਂ ਦਾ ਸਥਾਨ ਮਸੀਹ ਵਿਚ ਹੈ। ਉਹ ਨਵੇਂ ਜਨਮ ਨਾਲ ਬੱਚੇ ਬਣ ਜਾਂਦੇ ਹਨ। ਨਵਾਂ ਜਨਮ ਅਤੇ ਤਬਦੀਲੀ ਹੀ ਪਵਿੱਤਰ ਆਤਮਾ ਹੈ।

67 ਜਦੋਂ ਤੱਕ ਤੁਹਾਨੂੰ ਪਵਿੱਤਰ ਆਤਮਾ ਪ੍ਰਾਪਤ ਨਹੀਂ ਹੁੰਦਾ ਤੁਸੀਂ ਤਾਂ ਬਦਲੇ ਹੋਏ ਵੀ ਨਹੀਂ ਹੋ। ਇਹੀ ਹੈ ਜੋ ਵਚਨ ਵਿੱਚ ਕਿਹਾ ਗਿਆ ਹੈ। ਯਿਸੂ ਨੇ ਪਤਰਸ ਨੂੰ ਦੱਸਿਆ, ਕਿਸੇ ਤੋਂ ਵੀ ਪੁਛ ਲਵੋ, ਆਪਣੀ ਬਾਈਬਲ ਨੂੰ ਪੜ੍ਹੋ, ਉਹ ਪ੍ਰਭੂ ਯਿਸੂ ਮਸੀਹ ਤੇ ਨਿਹਚਾ ਕਰਨ ਦੁਆਰਾ ਧਰਮੀ ਠਹਿਰਾਇਆ ਗਿਆ, ਇੱਕ ਚੇਲਾ ਬਣ ਗਿਆ, ਇੱਕ ਰਸੂਲ ਬਣ ਗਿਆ। ਯਿਸੂ ਨੇ ਉਸ ਨੂੰ ਸਵਰਗ ਰਾਜ ਦੀਆਂ ਕੁੰਜੀਆਂ ਦੇ ਦਿੱਤੀਆਂ। ਅਤੇ ਯੂਹੰਨਾ 17:17 ਵਿੱਚ, ਉਸਨੇ ਉਨ੍ਹਾਂ ਨੂੰ ਪਵਿੱਤਰ ਕੀਤਾ, ਉਨ੍ਹਾਂ ਨੂੰ ਸ਼ਕਤੀ ਦਿੱਤੀ, ਉਨ੍ਹਾਂ ਨੂੰ ਬਾਹਰ ਭੇਜਿਆ, ਭੂਤਾਂ ਨੂੰ ਬਾਹਰ ਕਢੋ, ਉਨ੍ਹਾਂ ਨੂੰ ਪਵਿੱਤਰ ਕੀਤਾ। “ਪਿਤਾ, ਉਨ੍ਹਾਂ ਨੂੰ, ਆਪਣੀ ਸਚਾਈ ਨਾਲ ਪਵਿੱਤਰ ਕਰ। ਤੇਰਾ ਵਚਨ ਹੀ ਸਚਾਈ ਹੈ। ਮੈਂ ਉਹਨਾਂ ਦੇ ਕਾਰਨ ਆਪਣੇ ਆਪ ਨੂੰ ਪਵਿੱਤਰ ਕਰਦਾ ਹਾਂ।”

68 ਇਹ ਸਭ ਤੋਂ ਮਧੁਰ ਵਚਨ ਹਨ ਜੋ ਮੈਂ ਕਦੇ ਸੁਣੇ ਹਨ। “ਪਿਤਾ, ਮੈਂ ਉਹਨਾਂ ਦੇ ਕਾਰਨ ਆਪਣੇ ਆਪ ਨੂੰ ਪਵਿੱਤਰ ਕਰਦਾ ਹਾਂ।” ਕੀ ਤੁਹਾਨੂੰ ਪਤਾ ਹੈ ਕਿ ਉਸ ਕੋਲ ਘਰ ਰੱਖਣ ਦਾ ਹੱਕ ਸੀ? ਉਹ ਇੱਕ ਮਨੁੱਖ ਸੀ। ਤੁਸੀਂ ਜਾਣਦੇ ਹੋ ਕਿ ਉਸ ਕੋਲ ਪਤਨੀ ਰੱਖਣ ਦਾ ਅਧਿਕਾਰ ਕਿਉਂ ਸੀ? ਉਹ ਇੱਕ ਮਨੁੱਖ ਸੀ। ਇਨ੍ਹਾਂ ਸਭ ਗੱਲਾਂ ਦਾ ਉਸਦਾ ਹੱਕ ਸੀ, ਪਰ ਉਸਨੇ ਕਿਹਾ, “ਪਿਤਾ, ਮੈਂ ਉਨ੍ਹਾਂ ਦੇ ਕਾਰਨ ਆਪਣੇ ਆਪ ਨੂੰ ਪਵਿੱਤਰ ਬਣਾਉਂਦਾ ਹਾਂ। ਮੈਂ ਆਪਣੇ ਆਪ ਨੂੰ ਪਵਿੱਤਰ ਬਣਾਉਂਦਾ ਹਾਂ।”

69 ਮੈਂ ਕੱਲ੍ਹ ਇਕ ਪ੍ਰਚਾਰਕ ਨਾਲ ਗੱਲ ਕੀਤੀ, ਮੈਂ ਇਥੇ ਕੁਝ ਰਾਤਾਂ ਲਈ ਉਸ ਲਈ ਰਾਜ ਮਾਰਗ ਤੇ ਜਾ ਕੇ ਪ੍ਰਚਾਰ ਕਰਾਂਗਾ। ਅਤੇ ਮੈਂ ਉਸ ਨੂੰ ਇਕ ਖਾਸ ਚੀਜ਼ ਬਾਰੇ ਪੁੱਛਿਆ, ਉਸਨੇ ਕਿਹਾ, “ਹਾਂ, ਭਾਈ ਬ੍ਰਨਹਾਮ, ਪਰ ਮੇਰੇ ਜ਼ਿਆਦਾਤਰ ਲੋਕ ਇਸ ਵਿੱਚ ਵਿਸ਼ਵਾਸ ਨਹੀਂ ਕਰਦੇ।”

ਮੈਂ ਕਿਹਾ, “ਜ਼ਿਆਦਾਤਰ ਸਾਰੇ ਕਾਨੂੰਨਵਾਦੀ ਹਨ?”

70 “ਹਾਂ।” ਭਾਈ ਇਸ ਤੇ ਵਿਸ਼ਵਾਸ ਨਹੀਂ ਕਰਦੇ। “ਪਰ,” ਉਸਨੇ ਕਿਹਾ, “ਉਨ੍ਹਾਂ ਦੇ ਲਈ!” ਓਹ, ਮੈਂ ਉਸ ਨੂੰ ਜੱਫੀ ਪਾਉਣਾ ਚਾਹੁੰਦਾ ਸੀ। “ਉਨ੍ਹਾਂ ਦੇ ਲਈ, ਵੇਖੋ, ਮੈਂ ਉਨ੍ਹਾਂ ਲਈ ਆਪਣੇ ਆਪ ਨੂੰ ਪਵਿੱਤਰ ਬਣਾ ਰਿਹਾ ਹਾਂ।”

71 ਔਹ, ਯਿਸੂ ਬਾਰ੍ਹਾਂ ਆਦਮੀਆਂ ਨੂੰ ਸਿਖਲਾਈ ਦੇ ਰਿਹਾ ਸੀ, ਕਿ ਉਨ੍ਹਾਂ ਬਾਰ੍ਹਾਂ ਆਦਮੀਆਂ ਰਾਹੀਂ ਖੁਸ਼ਖਬਰੀ ਨੂੰ ਦੁਨੀਆਂ ਵੱਲ ਲੈ ਜਾਣਾ ਸੀ। ਅਤੇ ਉਸਨੇ ਕਿਹਾ, “ਉਨ੍ਹਾਂ ਦੇ ਲਈ ਮੈਂ ਆਪਣੇ ਆਪ ਨੂੰ ਪਵਿੱਤਰ ਬਣਾ ਰਿਹਾ ਹਾਂ।” ਆਪਣੇ ਆਪ ਨੂੰ ਆਪਣੇ ਗੁਆਂਢੀ ਲਈ, ਕਿਸੇ ਹੋਰ ਦੇ ਲਈ ਬਣਾਓ। “ਆਪਣੀ ਆਜ਼ਾਦੀ ਨੂੰ ਬੁਰਿਆਈ ਦਾ ਪੜਦਾ ਨਾ ਬਣਾਓ,” ਪੌਲੁਸ ਨੇ ਕਿਹਾ, “ਪਰ ਆਪਣੇ ਆਪ ਨੂੰ ਪਵਿੱਤਰ ਕਰੋ!” ਗੁਆਂਢ ਵਿੱਚ ਚੰਗਾ ਵਰਤਾਉ ਕਰੋ, ਜਿਵੇਂ ਇੱਕ ਅਸਲ ਮਸੀਹੀ ਨੂੰ ਕਰਨਾ ਚਾਹੀਦਾ ਹੈ। ਆਪਣੇ ਸੰਚਾਰ ਨੂੰ ਹੋਣ ਦਿਓ, ਜੇ ਤੁਸੀਂ ਆਪਣੇ ਦੁਸ਼ਮਣ ਨੂੰ ਮਿਲਦੇ ਹੋ, ਤਾਂ ਉਸ ਦੇ ਲਈ ਆਪਣੇ ਆਪ ਨੂੰ ਪਵਿੱਤਰ ਕਰੋ, ਤੁਸੀਂ ਨਹੀਂ ਜਾਣਦੇ ਕਿ ਤੁਸੀਂ ਕੀ ਕਰ ਸਕਦੇ ਹੋ।

72 ਹੁਣ ਪੁੱਤ੍ਰ ਨੂੰ ਅਹੁਦੇ ਤੇ ਰੱਖਣਾ। ਪੁੱਤਰ ਦੇ ਆਉਣ ਤੇ ਸਭ ਤੋਂ ਪਹਿਲੀ ਚੀਜ ਜੋ ਹੋਈ, ਉਹ ਇਹ ਸੀ ਕਿ ਉਹ ਇੱਕ ਪੁੱਤ੍ਰ ਬਣ ਗਿਆ, ਪਰ ਫਿਰ ਸਾਨੂੰ ਪਤਾ ਲਗਦਾ ਹੈ ਕਿ ਇਹ ਉਸ ਦਾ ਵਰਤਾਉ ਸੀ ਜਿਸ ਨੇ ਉਸ ਨੂੰ ਲੇਪਾਲਕਪਣ ਵਿੱਚ ਰੱਖ ਦਿੱਤਾ, ਭਾਵੇਂ ਉਸ ਦਾ ਵਰਤਾਉ ਸਹੀ ਸੀ ਜਾਂ ਨਹੀਂ।

73 ਅਤੇ ਇਹ—ਇਹ ਪੈਂਟੇਕੋਸਟਲ...ਹੁਣ ਮੈਂ ਤੁਹਾਨੂੰ ਦਿਖਾਉਂਦਾ ਹਾਂ ਕਿ ਪੈਂਤੇਕੁਸਤ ਕੋਈ ਨਾਮਧਾਰੀ ਗਿਰਜਾ ਨਹੀਂ ਹੈ। ਇਥੇ ਕਿੰਨੇ ਹਨ ਜਿਹੜੇ ਬੈਪਟਿਸਟ ਸਨ, ਜਿਹਨਾਂ ਨੂੰ ਪਵਿੱਤਰ ਆਤਮਾ ਮਿਲਿਆ, ਚਲੋ ਤੁਹਾਡੇ ਹੱਥਾਂ ਨੂੰ ਵੇਖੀਏ। ਵੇਖਿਆ? ਇਥੇ ਕਿੰਨੇ ਮੈਥੋਡਿਸਟ ਹਨ ਜਿਨ੍ਹਾਂ ਨੂੰ ਪਵਿੱਤਰ ਆਤਮਾ ਮਿਲਿਆ, ਆਪਣੇ ਹੱਥ ਉੱਪਰ ਕਰੋ। ਇੱਥੇ ਕਿੰਨੇ ਨਾਸਰੀਆਂ ਨੇ ਪਵਿੱਤਰ ਆਤਮਾ ਪ੍ਰਾਪਤ ਕੀਤਾ? ਆਪਣੇ ਹੱਥ ਉੱਪਰ ਕਰੋ। ਪ੍ਰੈਸਬੀਟਰਿਅਨ, ਪਵਿੱਤਰ ਆਤਮਾ ਪ੍ਰਾਪਤ ਕੀਤਾ। ਵੇਖਿਆ? ਲੂਥਰਨ? ਹੋਰ ਨਾਮਧਾਰੀ ਸਮੂਹ, ਜੋ ਕਿ ਪੰਤੇਕੁਸਤ ਵਿੱਚ ਬਿਲਕੁਲ ਨਹੀਂ ਸਨ, ਬਸ ਕਿਸੇ ਨਾਮਧਾਰੀ ਸਮੂਹ ਨਾਲ ਸੰਬੰਧਿਤ ਸਨ, ਜੇ ਪਵਿੱਤਰ ਆਤਮਾ ਮਿਲਿਆ, ਤਾਂ ਆਪਣੇ ਹੱਥ ਉੱਪਰ ਕਰੋ। ਵੇਖਿਆ? ਇਸ ਲਈ ਪੰਤੇਕੁਸਤ ਕੋਈ ਨਾਮਧਾਰੀ ਸਮੂਹ ਨਹੀਂ, ਇਹ ਇੱਕ ਤਜ਼ੁਰਬਾ ਹੈ।

74 ਹੁਣ, ਪਰਮੇਸ਼ੁਰ ਨੇ ਤੁਹਾਨੂੰ ਮਸੀਹ ਦੇ ਸਰੀਰ ਵਿੱਚ ਲੈ ਲਿਆ (ਹੁਣ ਉਹ ਕੀ ਕਰਦਾ ਹੈ?) ਆਪਣੇ ਆਪ ਨੂੰ ਸਾਬਤ ਕਰਨ ਤੋਂ ਬਾਅਦ, ਆਪਣੇ ਚੰਗੇ ਵਿਹਾਰ ਨਾਲ ਆਪਣੇ ਆਪ ਨੂੰ ਪਵਿੱਤਰ ਬਣਾਇਆ, ਪਵਿੱਤਰ ਆਤਮਾ ਦੇ ਆਗਿਆਕਾਰੀ, ਕੋਈ ਫਰਕ ਨਹੀਂ ਪੈਂਦਾ ਕਿ ਸੰਸਾਰ ਕੀ ਕਹਿੰਦਾ ਹੈ।

75 ਮੈਂ—ਮੈਂ ਇਸ ਨੂੰ ਸਚਮੁਚ ਸਖਤ ਤਰੀਕੇ ਨਾਲ ਕਹਿਣ ਜਾ ਰਿਹਾ ਹਾਂ, ਵੇਖੋ, ਕਿਉਂਕਿ...ਮੈਂ ਕਠੋਰ ਨਹੀਂ ਹੋਣਾ ਚਾਹੁੰਦਾ। ਮੈਂ—ਮੈਂ...ਕ੍ਰਿਪਾ ਕਰਕੇ ਨਹੀਂ—ਨਹੀਂ—ਸਚਮੁਚ ਨਹੀਂ, ਵੇਖੋ। ਸਚਮੁਚ ਇਹ ਨਾ ਸੋਚੋ ਕਿ ਮੈਂ—ਮੈਂ ਕਠੋਰ ਹਾਂ।

ਮੈਂ—ਮੈਂ ਨਹੀਂ ਬਣਨਾ ਚਾਹੁੰਦਾ। ਕਿਹੜੀ ਚੀਜ਼ ਮੈਨੂੰ ਥੱਕਾਉਂਦੀ ਹੈ, ਉਹ ਹੈ ਲੋਕਾਂ ਨੂੰ ਲਿਆਉਣਾ ਅਤੇ ਉਨ੍ਹਾਂ ਨੂੰ ਪਰਮੇਸ਼ੁਰ ਦੁਆਰਾ ਇਸ ਭੇਜੇ ਹੋਏ ਸੱਚ ਦਾ ਪ੍ਰਚਾਰ ਕਰਨਾ, ਅਤੇ ਉਹ ਪਿੱਛੇ ਮੁੜ ਜਾਂਦੇ ਹਨ ਅਤੇ ਬਸ ਉਹੀ ਕੰਮ ਕਰਦੇ ਰਹਿਣਗੇ, ਅਤੇ ਕਹਿੰਦੇ ਹਨ ਕਿ ਉਨ੍ਹਾਂ ਨੂੰ ਪਵਿੱਤਰ ਆਤਮਾ ਮਿਲਿਆ ਹੈ। ਇਹ ਤਾਂ ਬੱਸ ਤਕਰੀਬਨ ਤੁਹਾਡਾ ਸੱਤਿਆਨਾਸ ਕਰ ਦਿੰਦਾ ਹੈ, ਵੇਖਿਆ। ਕੀ ਮਾਮਲਾ ਹੈ? ਉਹ ਠੀਕ ਉਸੇ ਚੀਜ਼ ਵੱਲ ਵਾਪਸ ਆਉਂਦੇ ਹਨ, ਬਿਲਕੁਲ ਇਸਰਾਈਲ ਦੇ ਬੱਚਿਆਂ ਵਾਂਗ, ਉਹ ਇੱਕ ਰਾਜਾ ਚਾਹੁੰਦੇ ਸਨ ਤਾਂ ਕਿ ਇਹ ਰਾਜਾ ਉਨ੍ਹਾਂ ਉੱਤੇ ਰਾਜ ਕਰ ਸਕੇ ਅਤੇ ਉਨ੍ਹਾਂ ਨੂੰ ਅਮੋਰੀ, ਅਮਾਲੇਕੀ ਅਤੇ ਫ਼ਲਿਸਤੀਆਂ ਦੀ ਤਰ੍ਹਾਂ ਵਰਤਾਓ ਕਰਨ ਲਈ ਮਜਬੂਰ ਕਰੇ।

76 ਔਰਤੋ, ਕੀ ਤੁਹਾਨੂੰ ਪਤਾ ਹੈ, ਕਿ ਤੰਗ ਪਜਾਮੀਆਂ ਪਹਿਨਣਾ ਗਲਤ ਹੈ? ਕੀ ਤੁਹਾਨੂੰ ਪਤਾ ਹੈ? ਕੀ ਤੁਹਾਨੂੰ ਪਤਾ ਹੈ ਕਿ ਆਪਣੇ ਵਾਲਾਂ ਦੀਆਂ ਲਟਾਂ ਕੱਟਣੀਆਂ ਗ਼ਲਤ ਹਨ? ਸ਼੍ਰੀ ਮਾਨ, ਕੀ ਤੁਹਾਨੂੰ ਪਤਾ ਹੈ, ਤੁਹਾਡੇ ਲਈ ਤਮਾਕੂਨੋਸ਼ੀ ਕਰਨਾ ਅਤੇ ਉਸੇ ਤਰ੍ਹਾਂ ਕੰਮ ਜਾਰੀ ਰੱਖਣਾ ਗਲਤ ਹੈ? ਕੀ ਤੁਹਾਨੂੰ ਪਤਾ ਹੈ ਕਿ ਪਤੀ ਹੋ ਕੇ ਆਪਣੇ ਘਰ ਦੇ ਪ੍ਰਤੀ ਆਪਣੇ ਫਰਜ ਪੂਰੇ ਨਾ ਕਰਨਾ ਗਲਤ ਹੈ, ਤੁਹਾਡੀ ਪਤਨੀ ਦਾ ਗੁੱਸਾ ਥੋੜ੍ਹਾ ਜਿਹਾ ਭੜਕਦਾ ਹੈ ਅਤੇ ਤੁਹਾਨੂੰ ਦਰਵਾਜ਼ੇ ਤੋਂ ਬਾਹਰ ਕੱਢ ਦਿੰਦੀ ਹੈ ਅਤੇ ਤੁਸੀਂ ਕਹਿੰਦੇ ਹੋ, "ਹਾਂ, ਤੈਨੂੰ ਬਰਕਤ ਮਿਲੇ, ਪਿਆਰੀਏ, ਮੈਂ ਹੁਣੇ ਵਾਪਸ ਆਉਂਦਾ ਹਾਂ"? ਕੀ ਤੁਸੀਂ ਜਾਣਦੇ ਹੋ…ਜਦੋਂ ਤੁਸੀਂ ਆਪਣੇ ਘਰ ਦਾ ਵੀ ਪ੍ਰਬੰਧ ਨਹੀਂ ਕਰ ਸਕਦੇ ਹੋ ਤਾਂ ਤੁਸੀਂ ਪਰਮੇਸ਼ੁਰ ਦੇ ਘਰ ਵਿਚ ਇਕ ਸੇਵਕ ਕਿਵੇਂ ਹੋ ਸਕਦੇ ਹੋ? ਇਹ ਬਿਲਕੁਲ ਸਹੀ ਹੈ। ਕੀ ਤੁਸੀਂ ਜਾਣਦੇ ਹੋ, ਭੈਣ, ਤੁਹਾਡਾ ਪਤੀ ਸਿਰਫ ਤੁਹਾਡਾ ਪਤੀ ਨਹੀਂ ਹੈ, ਬਲਕਿ ਉਹ ਤੁਹਾਡਾ ਹਾਕਮ ਹੈ? ਪਰਮੇਸ਼ੁਰ ਨੇ ਇਹ ਕਿਹਾ ਸੀ। ਕਿਉਂਕਿ ਪਤੀ ਭਰਮਾਇਆ ਨਹੀਂ ਗਿਆ ਸੀ, ਔਰਤ ਭਰਮਾਈ ਗਈ ਸੀ। ਅਤੇ ਤੁਸੀਂ ਪ੍ਰਚਾਰਕ ਆਪਣੀਆਂ ਕਲੀਸਿਯਾ ਵਿਚ ਔਰਤਾਂ ਨੂੰ ਪਾਦਰੀ ਅਤੇ ਪ੍ਰਚਾਰਕ ਬਣਾਉਂਦੇ ਰਹੋਗੇ, ਇਹ ਜਾਣਦੇ ਹੋਏ ਕਿ ਪਰਮੇਸ਼ੁਰ ਦਾ ਵਚਨ ਇਸਦੀ ਨਿੰਦਾ ਕਰਦਾ ਹੈ।

77 ਤੁਸੀਂ ਬਪਤਿਸਮਾ ਦੇਣ ਲਈ ਹਮੇਸ਼ਾ "ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ" ਦੀ ਵਰਤੋਂ ਕਰਦੇ ਹੋ, ਜਦੋਂ ਬਾਈਬਲ ਵਿਚ ਇਸ ਦੇ ਲਈ ਲਿੱਖਤ ਦਾ ਇਕ ਕਣ ਵੀ ਨਹੀਂ ਹੈ। ਮੈਂ ਇੱਕ ਪ੍ਰਧਾਨ ਬਿਸ਼ਪ ਜਾਂ ਕੋਈ ਹੋਰ ਚਾਹੁੰਦਾ ਹੈ ਜੋ ਮੈਨੂੰ ਦਿਖਾ ਸਕੇ ਜਿਥੇ ਬਾਈਬਲ ਵਿਚ ਕਿਸੇ ਨੂੰ ਵੀ "ਪਿਤਾ, ਪੁੱਤਰ, ਪਵਿੱਤਰ ਆਤਮਾ" ਦੇ ਨਾਮ ਤੇ ਬਪਤਿਸਮਾ ਦਿੱਤਾ ਗਿਆ ਸੀ। ਮੈਂ ਚਾਹੁੰਦਾ ਹਾਂ ਕਿ ਕੋਈ ਮੈਨੂੰ ਦਿਖਾਵੇ ਕਿ ਯਿਸੂ ਦੇ ਨਾਮ ਤੋਂ ਇਲਾਵਾ ਹੋਰ ਕਿਸੇ ਵੀ ਤਰੀਕੇ ਨਾਲ ਬਪਤਿਸਮਾ ਦਿੱਤਾ ਗਿਆ ਸੀ। ਪਰ ਯੂਹੰਨਾ ਦਾ…ਬਪਤਿਸਮਾ, ਉਨ੍ਹਾਂ

ਨੇ ਇਹ ਵਿਸ਼ਵਾਸ ਕਰਦਿਆਂ ਬਪਤਿਸਮਾ ਲਿਆ ਕਿ ਉਹ ਆ ਰਿਹਾ ਸੀ, ਪਰ ਉਹ ਨਹੀਂ ਜਾਣਦੇ ਸਨ ਕਿ ਉਹ ਕੌਣ ਸੀ। ਪਰ ਜਿਵੇਂ ਹੀ ਉਨ੍ਹਾਂ ਨੇ ਇਹ ਪਛਾਣ ਲਿਆ, ਉਨ੍ਹਾਂ ਨੂੰ ਫਿਰ ਯਿਸੂ ਮਸੀਹ ਦੇ ਨਾਮ ਤੇ ਦੁਬਾਰਾ ਬਪਤਿਸਮਾ ਲੈਣਾ ਪਿਆ। ਮੈਂ ਕਿਸੇ ਨੂੰ ਚਾਹੁੰਦਾ ਹਾਂ...ਮੈ—ਮੈਂ ਅਸੈਂਬਲੀ ਆਫ ਗੋਡ, ਹੋਰ ਪ੍ਰਚਾਰਕਾਂ, ਬੈਪਟਿਸਟ, ਪ੍ਰੈਸਬੈਟਰਿਅਨ ਅਤੇ ਸਾਰਿਆਂ ਤੋਂ ਪੁੱਛਿਆ ਹੈ। ਉਹ ਨਹੀਂ ਕਰਨਗੇ—ਉਹ ਇਸ ਬਾਰੇ ਗੱਲ ਨਹੀਂ ਕਰਨਗੇ। ਮੈਂ ਲਿਖਤ ਨੂੰ ਵੇਖਣਾ ਚਾਹੁੰਦਾ ਹਾਂ।

78 ਅਤੇ ਫਿਰ ਮੈਂ ਇਕ “ਕੱਟੜ”, ਹੂੰ, ਫਿਰ ਮੈਂ ਸਿਰਫਿਰਿਆ “ਪਾਗਲ” ਹਾਂ, ਮੈਂ ਇਕ “ਪਾਗਲ ਬੰਦਾ” ਹਾਂ, ਬੱਸ ਇਸ ਲਈ ਕਿਉਂ ਜੋ ਮੈਂ ਤੁਹਾਨੂੰ ਸੱਚਾਈ ਦੱਸਣ ਦੀ ਕੋਸ਼ਿਸ਼ ਕਰ ਰਿਹਾ ਹਾਂ? ਹੁਣ, ਇਹ ਹੈ—ਇਹ ਖਰੀ ਗਲ ਹੈ, ਭਰਾਵੋ। ਜੇ ਕੋਈ ਆਦਮੀ ਪਰਮੇਸ਼ੁਰ ਲਈ ਵੇਚਿਆ ਜਾਂਦਾ ਹੈ, ਤਾਂ ਤੁਸੀਂ ਰੋਟੀ, ਕਪੜਾ, ਮਕਾਨ ਸਭ ਕੁਝ ਵੇਚ ਦਿੰਦੇ ਹੋ। ਤੁਸੀਂ—ਤੁਸੀਂ—ਤੁਸੀਂ—ਤੁਸੀਂ ਹੋ—ਤੁਸੀਂ ਇੱਕ ਵੱਖਰੇ ਕੀਤੇ ਹੋਏ ਹੋ, ਤੁਸੀਂ ਹੋ—ਤੁਸੀਂ ਇੱਕ ਵੱਖਰੇ ਜੀਵ ਹੋ।

79 ਸੱਦੇ ਹੋਏ ਤਾਂ ਬਥੇਰੇ ਹਨ, ਪਰ ਚੁਣੇ ਹੋਏ ਘੱਟ ਹਨ। ਹਾਂ, ਬਥੇਰੇ ਲੋਕ ਸਦੇ ਹੋਏ ਹਨ, ਤੁਹਾਡੇ ਦਿਲ ਵਿਚ ਇਕ ਬੁਲਾਵਾ ਆਉਂਦਾ ਹੈ, “ਹਾਂ, ਮੇਰਾ ਵਿਸ਼ਵਾਸ ਹੈ ਕਿ ਪਰਮੇਸ਼ੁਰ ਮੈਨੂੰ ਪਿਆਰ ਕਰਦਾ ਹੈ। ਮੇਰਾ ਵਿਸ਼ਵਾਸ ਹੈ ਕਿ ਉਹ ਇਹ ਕਰਦਾ ਹੈ।”

80 ਪਰ, ਭਾਈ, ਕਿ, ਤੁਸੀਂ ਉਹਨਾਂ ਵਾਂਗ ਹੀ ਨਾਸ਼ ਹੋ ਜਾਵੋਗੇ, ਕਿਉਂਕਿ ਉਹ ਉਸ ਦਿਨ ਆਉਣਗੇ, ਇਹ ਕਹਿੰਦੇ ਹੋਏ, “ਪ੍ਰਭੂ, ਕੀ ਅਸੀਂ ਤੇਰਾ ਨਾਮ ਲੈ ਕੇ ਭੂਤਾਂ ਨੂੰ ਨਹੀਂ ਕਢਿਆ। ਮੈਂ ਤੇਰਾ ਨਾਮ ਲੈ ਕੇ ਬਹੁਤ ਕੰਮ ਕੀਤੇ ਹਨ। ਮੈਂ ਚੰਗਾਈ ਸਭਾਵਾਂ ਕੀਤੀਆਂ। ਮੈਂ ਇੰਜੀਲ ਦਾ ਪ੍ਰਚਾਰ ਕੀਤਾ ਹੈ। ਮੈਂ ਭੂਤਾਂ ਨੂੰ ਕਢਿਆ ਹੈ।”

81 ਅਤੇ ਯਿਸੂ ਕਹੇਗਾ, “ਮੇਰੇ ਕੋਲ ਦੂਰ ਹੋ ਜਾਵੋ, ਮੈਂ ਤੁਹਾਨੂੰ ਜਾਣਦਾ ਵੀ ਨਹੀਂ, ਪਖੰਡੀਓ। ਕੇਵਲ ਓਹੀ ਜੋ ਮੇਰੇ ਪਿਤਾ ਦੀ ਮਰਜੀ ਨੂੰ ਪੂਰਾ ਕਰਦਾ ਹੈ!” ਲੋਕ ਇਸਨੂੰ ਕਿਉਂ ਨਹੀਂ ਦੇਖ ਸਕਦੇ? ਹੁਣ, ਮੈਂ ਜਾਣਦਾ ਹਾਂ ਇਹ ਬੁਰਾ ਲਗ ਰਿਹਾ ਹੈ। ਅਤੇ ਮੈਂ ਨਹੀਂ—ਮੇਰਾ ਮਤਲੱਬ ਇਹ ਨਹੀਂ ਕਿ ਠੇਸ ਪਹੁੰਚਾਈ ਜਾਵੇ, ਮੈਂ ਇਸ ਤਰ੍ਹਾਂ ਨਹੀਂ ਹੋਣਾ ਚਾਹੁੰਦਾ। ਪਰ, ਭਾਈ, ਮੈਂ—ਮੈਂ...

82 ਮੈਨੂੰ ਲੱਗਦਾ ਹੈ ਜਿਵੇਂ ਅਸੀਂ—ਅਸੀਂ ਅਖੀਰਲੇ ਸਮੇਂ ਤੇ ਹਾਂ, ਅਤੇ ਪਰਮੇਸ਼ੁਰ ਲੇਪਾਲਕਪਣ ਕਰ ਰਿਹਾ ਹੈ, ਕਲੀਸਿਯਾ ਨੂੰ ਮਸੀਹ ਦੀ ਦੇਹ ਦੇ ਵਿੱਚ ਉਸਦੇ ਸਥਾਨ ਤੇ ਰੱਖ ਰਿਹਾ ਹੈ, ਜੋ ਉਸਦੀ ਆਪਣੀ ਦੇਹ ਹੈ। ਹੁਣ,

ਉਥੇ ਬਹੁਤ ਸਾਰੇ ਲੋਕ ਨਹੀਂ ਰੱਖੇ ਜਾਣਗੇ, ਮੈਂ ਇਹ ਤੁਹਾਨੂੰ ਪਹਿਲਾਂ ਹੀ ਦੱਸ ਦਿੰਦਾ ਹਾਂ। ਤੁਸੀਂ ਕਹਿੰਦੇ ਹੋ, "ਔਹ, ਠੀਕ ਹੈ, ਉਥੇ ਇੰਨੀ ਵੱਡੀ ਗਿਣਤੀ ਹੋਵੇਗੀ!" ਪ੍ਰੰਤੂ ਉਸ ਕੋਲ ਉਨ੍ਹਾਂ ਨੂੰ ਬਾਹਰ ਲਿਆਉਣ ਲਈ ਛੇ ਹਜ਼ਾਰ ਸਾਲ ਸਨ। ਯਾਦ ਰੱਖੋ, ਪੁਨਰ ਉਥਾਨ ਆਵੇਗਾ ਅਤੇ ਅਸੀਂ ਉਨ੍ਹਾਂ ਨਾਲ ਉਠਾਏ ਜਾਵਾਂਗੇ। ਬੱਸ ਉਨ੍ਹਾਂ ਵਿਚੋਂ ਕੁਝ ਹੀ, ਵੇਖੋ। ਤੁਸੀਂ ਆਪਣੀ ਮੁਕਤੀ ਨੂੰ ਭਾਲੋ, ਛੇਤੀ ਕਰੋ। ਆਪਣੇ ਆਪ ਨੂੰ ਵੇਖੋ ਅਤੇ ਵੇਖੋ ਕਿ ਕੀ ਗਲਤ ਹੋਇਆ ਹੈ। ਸਮਝੇ? ਬੱਸ—ਬੱਸ ਵੇਖੋ ਕਿ ਕੀ ਮਾਮਲਾ ਹੈ। ਮੈਨੂੰ ਪਤਾ ਹੈ ਕਿ ਇਹ—ਇਹ ਸਖਤ ਹੈ, ਪਰ, ਭਾਈ, ਇਹ ਸੱਚਾਈ ਹੈ। ਇਹ ਪਰਮੇਸ਼ੁਰ ਦੀ ਸੱਚਾਈ ਹੈ। ਲੇਪਾਲਕਪਣ!

83 ਸਾਨੂੰ ਪਰਮੇਸ਼ੁਰ ਲਈ ਇਸ ਤਰ੍ਹਾਂ ਅੱਗ ਵਿੱਚ ਰਹਿਣਾ ਚਾਹੀਦਾ ਹੈ, ਕਿ ਸਾਨੂੰ ਦਿਨ-ਰਾਤ ਅੱਗੇ ਜਾਣਾ ਚਾਹੀਦਾ ਹੈ। ਕੁਝ ਵੀ ਸਾਨੂੰ ਰੋਕਣ ਦੇ ਯੋਗ ਨਾ ਹੋਵੇ, ਅਤੇ ਸਾਨੂੰ ਇੰਨੇ ਮਿਠੇ ਅਤੇ ਇੰਨੇ ਸੁਹਾਵਣੇ ਹੋਣਾ ਚਾਹੀਦਾ ਹੈ, ਦਿਆਲੂ ਅਤੇ ਆਪਣੇ ਜੀਵਨਾਂ ਵਿਚ ਮਸੀਹ ਵਰਗੇ ਹੋਣਾ ਚਾਹੀਦਾ ਹੈ। ਇਸ ਦੇ ਲਈ ਹਰੇਕ ਦਿਨ ਦਾ ਜੀਵਨ ਚਾਹੀਦਾ ਹੈ। ਯਿਸੂ ਨੇ ਕਿਹਾ, "ਜੰਗਲੀ ਸੋਸਨਾਂ ਨੂੰ ਵੇਖੋ ਜੋ ਉਹ ਕਿੱਕੁਰ ਵਧਦੇ ਹਨ, ਓਹ ਨਾ ਮਿਹਨਤ ਕਰਦੇ, ਨਾ ਕੱਤਦੇ ਹਨ; ਪਰ ਮੈਂ ਤੁਹਾਨੂੰ ਕਹਿੰਦਾ ਹਾਂ ਭਈ ਸੁਲੇਮਾਨ ਵੀ ਆਪਣੀ ਸਾਰੀ ਭੜਕ ਵਿੱਚ ਇੰਨ੍ਹਾਂ ਵਿੱਚੋਂ ਇੱਕ ਜਿਹਾ ਪਹਿਨਿਆ ਹੋਇਆ ਨਾ ਸੀ।" ਸੁਲੇਮਾਨ ਕੋਲ ਚੋਲੇ ਸਨ ਜੋ ਸ਼ਾਨਦਾਰ ਰੇਸ਼ਮ, ਸੂਈ ਦੀ ਕਾਰੀਗਰੀ ਅਤੇ ਚੀਜ਼ਾਂ ਨਾਲ ਸਜੇ ਹੋਏ ਸਨ, ਪਰ ਉਹ—ਉਹ ਨਹੀਂ ਸੀ...ਜਿਸ ਬਾਰੇ ਉਹ ਗੱਲ ਕਰ ਰਿਹਾ ਸੀ। ਸੋਸਨ ਦੇ ਫੁਲਾਂ ਨੂੰ ਵਧਣ ਲਈ, ਦਿਨ ਅਤੇ ਰਾਤ ਮਿਹਨਤ ਕਰਨੀ ਪੈਂਦੀ ਹੈ। ਤੁਸੀਂ ਇੱਥੇ ਕਿਸ ਲਈ ਵਾਪਸ ਆਉਣਾ ਚਾਹੁੰਦੇ ਹੋ? ਜੇ ਧਰਮੀ ਮਰ ਮਰ ਕੇ ਬਚਦਾ ਹੈ, ਤਾਂ ਭਗਤੀਹੀਣ, ਅਤੇ ਪਾਪੀ, ਇਹ ਅਵਿਸ਼ਵਾਸੀ ਹਨ, ਦਾ ਕੀ ਠਿਕਾਣਾ, ਉਹ ਆਦਮੀ ਜਿਹੜਾ ਵਚਨ ਸੁਣਦਾ ਹੈ, ਅਤੇ ਇਸ ਵਿਚ ਚੱਲਣ ਤੋਂ ਇਨਕਾਰ ਕਰਦਾ ਹੈ...? ਹੁਣ ਅਸੀਂ ਕੀ ਕਰਨ ਜਾ ਰਹੇ ਹਾਂ? ਵੇਖਿਆ? ਹੁਣ, ਜੋ...

84 ਇਹ, ਹੁਣ, ਇਹ ਸਾਡੀ ਕਲੀਸਿਯਾ ਹੈ। ਸਾਡੇ ਵਿਚਕਾਰ ਸ਼ਾਇਦ ਚਾਰ-ਪੰਜ ਅਜਨਬੀ ਹਨ। ਪਰ ਇਹ ਕਲੀਸਿਯਾ, ਮੈਂ ਤੁਹਾਨੂੰ ਸਿਖਾ ਰਿਹਾ ਹਾਂ। ਇਹ ਟੇਪਾਂ ਤੇ ਜਾਂਦਾ ਹੈ। ਮੈਂ ਉਹ ਲੋਕ ਚਾਹੁੰਦਾ ਹਾਂ ਜੋ ਟੇਪਾਂ ਨੂੰ ਸੁਣਦੇ ਹੋਣ, ਯਾਦ ਰੱਖੋ, ਇਹ ਮੇਰੀ ਕਲੀਸਿਯਾ ਲਈ ਹੈ। ਬਾਹਰੋਂ ਆਉਣ ਵਾਲੇ ਲੋਕਾਂ ਵਿਚ, ਉਨ੍ਹਾਂ ਨੂੰ ਇਹ ਦੱਸਣ ਲਈ ਸੱਜਣ ਬਣਨ ਦੀ ਕੋਸ਼ਿਸ਼ ਕਰੋ, ਉਹਨਾਂ ਦੇ ਨਾਲ ਰਹਿਣ ਲਈ ਜਿਥੇ ਉਹ ਬਚੇ ਆਪਣੇ ਮਲਾਈ ਉਤਾਰੇ ਦੁਧ ਜਿਹੇ ਵਿਚਾਰਾਂ

ਤੁਛ ਵਿਚਾਰਾਂ ਵਿੱਚ ਰਹਿੰਦੇ ਹਨ। ਪਰ ਜਦੋਂ ਅਸਲ ਸੱਚਾਈ ਨੂੰ ਰੱਖਣ ਦੀ ਗੱਲ ਆਉਂਦੀ ਹੈ, ਤਾਂ ਆਓ ਇਸ ਨੂੰ ਰਖੀਏ।

85 ਲੇਪਾਲਕਪਣ, ਅਹੁਦੇ ਤੇ ਰੱਖਣਾ! ਉਹ ਕਿੱਥੇ ਹਨ? ਮੈਨੂੰ ਦਿਖਾਓ ਕਿ ਉਹ ਕਿੱਥੇ ਹਨ। ਪਰਮੇਸ਼ੁਰ ਪ੍ਰਗਟ ਹੋ ਕੇ ਆਪਣੇ ਬੱਚਿਆਂ ਨੂੰ ਇਕ ਪਾਸੇ ਬੁਲਾਉਂਦਾ ਹੈ। ਉਨ੍ਹਾਂ ਨੂੰ ਇਸ ਬਾਰੇ ਇਕ ਸ਼ਬਦ ਵੀ ਨਹੀਂ ਕਹਿਣਾ ਪਏਗਾ, ਤੁਸੀਂ ਦੇਖੋ ਕੁਝ ਹੋਇਆ ਹੈ। ਉਸਦੇ ਪੁੱਤਰ ਨੂੰ ਸਥਾਨ ਤੇ ਰੱਖਣਾ, ਉਸਨੂੰ ਉਸੇ ਚੀਜ਼ਾਂ ਨਾਲ ਕ੍ਰਮ ਵਿੱਚ ਲਿਆਉਣਾ। ਉਸ—ਉਸ ਦੇ ਕੋਲ ਉਨਾਂ ਹੀ ਅਧਿਕਾਰ ਹੈ, ਉਸਦਾ ਸ਼ਬਦ ਉਨਾਂ ਹੀ ਚੰਗਾ ਹੈ ਜਿਨਾਂ ਇਕ ਮਹਾਂ ਦੂਤ ਦਾ, ਵਧੀਆ। ਪੁੱਤ੍ਰ ਨੂੰ ਗੋਦ ਲਿਆ ਗਿਆ, ਉੱਚੀ ਥਾਂ ਤੇ ਬਿਠਾਇਆ ਗਿਆ, ਉਥੇ ਬਿਠਾਇਆ ਗਿਆ, ਉਸਦੇ ਚੋਲੇ ਬਦਲੇ, ਉਸ ਦੇ ਰੰਗਾ ਨੂੰ ਬਦਲਿਆ ਗਿਆ। ਪਿਤਾ ਨੇ ਇੱਕ ਸਮਾਰੋਹ ਕੀਤਾ, ਕਿਹਾ, "ਇਹ ਮੇਰਾ ਪੁੱਤਰ ਹੈ, ਹੁਣ ਤੋਂ ਉਹ ਰਾਜਪਾਲ ਹੈ। ਉਹ ਹਾਕਮ ਹੈ। ਉਹ ਮੇਰੀ ਸਾਰੀ ਵਿਰਾਸਤ ਦਾ ਅਧਿਕਾਰੀ ਹੈ। ਜੋ ਕੁਝ ਮੇਰੇ ਕੋਲ ਹੈ ਉਹ ਉਸਦਾ ਹੈ।" ਇਹ ਠੀਕ ਹੈ। ਫੇਰ ਅਸੀਂ ਉਸੇ ਥਾਂ ਵਾਪਸ ਜਾ ਸਕਦੇ ਹਾਂ, ਇਲਹ, ਇਲਹ, ਇਲੋਹੀਮ, ਈਲੋਹੀਮ, ਵੇਖਿਆ, ਜਿਥੇ ਉਹ ਆਪਣੀ ਹੋਂਦ ਆਪ ਰੱਖਦਾ ਹੈ। ਅਤੇ ਫਿਰ ਯਹੋਵਾਹ ਵਾਪਸ ਆਉਂਦਾ ਹੈ ਜਿਸ ਨੇ ਕੁਝ ਬਣਾਇਆ, ਉਸਨੇ ਮਨੁੱਖ ਨੂੰ ਧਰਤੀ ਉੱਤੇ ਰਾਜ ਦਿੱਤਾ। ਅਸੀਂ ਕਿਸ ਦੀ ਉਡੀਕ ਕਰ ਰਹੇ ਹਾਂ? ਪ੍ਰਗਟ ਹੋਣ ਦੀ। ਧਰਤੀ ਕੁਰਲਾ ਰਹੀ ਹੈ। ਚਲੋ ਇਸ ਵੱਲ ਆਉਂਦੇ ਹਾਂ ਅਤੇ ਇਸਨੂੰ ਪੜ੍ਹਦੇ ਹਾਂ। ਠੀਕ ਹੈ।

> *...ਉਹ ਨੇ ਜੋ...ਆਪਣੀ ਮਰਜ਼ੀ ਦੇ ਨੇਕ ਇਰਾਦੇ ਦੇ ਅਨੁਸਾਰ ਯਿਸੂ ਮਸੀਹ ਦੇ ਰਾਹੀ...ਆਪਣੇ ਲਈ, ਸਾਨੂੰ ਲੇਪਾਲਕ ਪੁੱਤ੍ਰ ਹੋਣ ਨੂੰ ਅੱਗੋ ਹੀ ਠਹਿਰਾਇਆ,*
>
> *ਭਈ ਉਹ ਦੀ...ਕਿਰਪਾ ਦੀ ਮਹਿਮਾ ਦੀ ਉਸਤਤ ਹੋਵੇ,...*

86 ਉਸਦੀ ਕਿਰਪਾ ਕੀ ਹੈ? ਪਹਿਲਾਂ, ਜਦੋਂ ਉਹ ਪਿਤਾ ਨਹੀਂ ਸੀ; ਉਸਦੀ ਕਿਰਪਾ, ਉਸਦਾ ਪ੍ਰੇਮ, ਉਸਨੇ ਆਪਣੇ ਆਪ ਨੂੰ ਇੱਕ ਬਾਲਕ ਬਣਾਇਆ, ਤਾਂ ਜੋ ਅਸੀਂ ਲੇਪਾਲਕ ਪੁੱਤ੍ਰ ਹੋਣ ਨੂੰ ਅਗੋਂ ਹੀ ਠਹਿਰਾਏ ਜਾਈਏ, ਉਸਦੀ ਕਿਰਪਾ ਦੀ ਮਹਿਮਾ ਦੀ ਉਸਤਤ ਦੇ ਲਈ। ਸਮਝੇ?

> *...ਜਿਹੜੀ ਉਹ ਨੇ ਉਸ ਪਿਆਰੇ ਵਿੱਚ—ਵਿੱਚ* (ਵਿਅਕਤੀ) ਸਾਨੂੰ ਬਖ਼ਸ਼ *ਦਿੱਤੀ*, ਜੋ ਮਸੀਹ ਹੈ।

87 ਸਾਨੂੰ ਕਿਵੇਂ ਸਵੀਕਾਰਿਆ? ਉਸ ਦੁਆਰਾ। ਅਸੀਂ ਉਸ ਵਿੱਚ ਕਿਵੇਂ ਆ ਸਕਦੇ ਹਾਂ? ਇੱਕ ਆਤਮਾ ਦੁਆਰਾ, ਸਾਰਿਆਂ ਨੇ ਉਸ ਵਿਚ ਬਪਤਿਸਮਾ ਲਿਆ। ਸੁਣੋ।

*ਜਿਹ ਦੇ ਵਿੱਚ ਉਸ ਦੇ ਲਹੂ ਦੇ ਦੁਆਰਾ, ਸਾਨੂੰ ਨਿਸਤਾਰਾ ਅਰਥਾਤ ਅ-ਪ-ਰਾ-ਧਾਂ ਦੀ ਮਾਫ਼ੀ ਉਹ ਦੀ ਕਿਰਪਾ ਦੇ ਧਨ ਅਨੁਸਾਰ ਮਿਲਦੀ ਹੈ...*

88 ਤੁਸੀਂ ਪਹਿਲਾਂ ਤੋਂ ਠਹਿਰਾਰਾਏ ਜਾਣ, ਪਰਮੇਸ਼ੁਰ ਦੇ ਪੂਰਵ ਨਿਰਧਾਰਨ ਅਤੇ ਪ੍ਰਬੰਧ ਦਾ ਪ੍ਰਚਾਰ ਕਿਵੇਂ ਕਰ ਸਕਦੇ ਹੋ, ਜਦ ਤੱਕ ਕਿਸੇ ਜਗ੍ਹਾ ਕੋਈ ਪਾਪ ਪ੍ਰਾਸਚਿਤ ਨਹੀਂ ਹੁੰਦਾ? ਇਹ ਕਿਉਂ ਹੈ? ਹਰ ਦਿਨ ਤੁਸੀਂ ਗਲਤੀ ਕਰਦੇ ਹੋ, ਹਰ ਦਿਨ ਤੁਸੀਂ ਗਲਤ ਕਰਦੇ ਹੋ। ਪਰ ਜੇ ਤੁਸੀਂ ਦੁਬਾਰਾ ਜਨਮ ਲਿਆ ਹੈ, ਆਦਮੀ ਜਾਂ ਔਰਤ, ਜਿਵੇਂ ਹੀ ਤੁਸੀਂ ਗਲਤੀ ਕਰਦੇ ਹੋ, ਪਰਮੇਸ਼ੁਰ ਜਾਣਦਾ ਹੈ ਕਿ ਤੁਹਾਨੂੰ ਇਸ ਲਈ ਅਫ਼ਸੋਸ ਹੈ। ਤੁਸੀਂ ਰਾਸ਼ਟਰਪਤੀ ਰੂਜ਼ਵੈਲਟ ਜਾਂ ਕਿਸੇ ਹੋਰ ਦੀ—ਦੀ ਹਾਜ਼ਰੀ ਵਿਚ ਖੜੇ ਹੋਵੋਂਗੇ, ਅਤੇ ਕਹੋਗੇ, "ਮੈਂ ਗਲਤ ਹਾਂ, ਪਰਮੇਸ਼ੁਰ ਮੈਨੂੰ ਇਸ ਚੀਜ਼ ਲਈ ਮਾਫ ਕਰ।" ਕਿਉਂ? ਅਤੇ ਉਥੇ ਹੀ ਲਹੂ ਦਾ ਪ੍ਰਾਸਚਿਤ...

89 ਤੁਸੀਂ ਉਸ "ਐਸ-ਆਈ-ਐਨ-ਅਸੀਂ" ਅਰਥਾਤ ਪਾਪ ਤੇ ਗੋਰ ਕਰੋ। ਇੱਕ ਪਾਪੀ ਤਾਂ ਇੱਕ ਪਾਪੀ ਹੀ ਹੈ, ਉਹ ਪਾਪ ਨਹੀਂ ਕਰਦਾ। ਪਰ ਕਲੀਸਿਯਾ ਪਾਪ ਕਰਦੀ ਹੈ, ਗਲਤੀਆਂ ਕਰਦੀ ਹੈ, ਗਲਤ ਵਿਚਾਰ ਲੈਂਦੀ ਹੈ, ਗਲਤ ਪ੍ਰਭਾਵ, ਸ਼ੱਕ ਕਰਦੀ ਹੈ, ਤੁਰਨਾ ਸਿੱਖਣ ਦੀ ਕੋਸ਼ਿਸ ਕਰਦੀ ਹੈ, ਇੱਕ ਛੋਟੇ ਬੱਚੇ ਵਾਂਗ ਤੁਰਦੇ ਫਿਰਦੇ ਲੜਖੜਾਉਂਦੀ ਹੈ। ਉਹ ਅਜੇ ਨਹੀਂ ਜਾਣਦਾ ਕਿ ਕਿਵੇਂ ਚੰਗੀ ਚਾਲ ਚਲਣੀ ਹੈ, ਕਿਉਂਕਿ ਉਹ ਇਕ ਛੋਟਾ ਲੜਕਾ ਹੈ। ਪਰ ਸਾਡੇ ਕੋਲ ਇਕ ਹੱਥ ਹੈ ਜੋ ਹੇਠਾਂ ਪਹੁੰਚ ਜਾਂਦਾ ਹੈ ਜੇ ਅਸੀਂ...ਸਾਨੂੰ ਫੜ ਲੈਂਦਾ ਹੈ ਅਤੇ ਸਾਨੂੰ ਸਥਿਰ ਕਰਦਾ ਹੈ, ਅਤੇ ਕਹਿੰਦਾ ਹੈ, "ਪੁੱਤਰ, ਇਸ ਕਦਮ ਨੂੰ *ਇਸ* ਤਰ੍ਹਾਂ ਰੱਖੋ।" ਉਹ ਸਾਨੂੰ ਚੁੱਕ ਕੇ ਥੱਪੜ ਨਹੀਂ ਮਾਰਦਾ ਕਿਉਂਕਿ ਅਸੀਂ ਗਲਤੀ ਕੀਤੀ ਹੈ, ਉਹ ਸਾਨੂੰ ਕੁੱਟਦਾ ਨਹੀਂ ਕਿਉਂਕਿ ਅਸੀਂ ਤੁਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਉਹ ਸਾਨੂੰ ਪਿਆਰ ਕਰਦਾ ਹੈ ਜਿਵੇਂ ਅਸੀਂ ਆਪਣੇ ਬੱਚਿਆਂ ਨੂੰ ਪਿਆਰ ਕਰਦੇ ਹਾਂ।

90 ਇੱਕ ਅਸਲ, ਅਸਲ ਪਿਤਾ ਆਪਣੇ ਬਚੇ ਨੂੰ ਨਹੀਂ ਮਾਰੇਗਾ ਜੱਦ ਉਹ ਅਜੇ ਤੁਰਨ ਦੀ ਕੋਸ਼ਿਸ ਕਰ ਰਿਹਾ ਹੁੰਦਾ ਹੈ, ਅਤੇ ਜੇ ਉਹ ਫਰਸ਼ ਤੇ ਡਿੱਗ ਜਾਂਦਾ ਹੈ। ਆਪਣੇ ਵੱਡੇ ਮਜਬੂਤ ਹੱਥ ਨੂੰ ਹੇਠਾਂ ਵਧਾਉਂਦਾ ਹੈ ਅਤੇ ਉਸ ਨੂੰ ਉੱਪਰ ਚੁੱਕਦਾ ਹੈ, ਆਪਣੇ ਦੋਹਾਂ ਹੱਥਾਂ ਨਾਲ ਉਸ ਨੂੰ ਚੁੱਕ ਲੈਂਦਾ ਹੈ, ਕਹਿੰਦਾ ਹੈ, "ਪੁੱਤ੍ਰ ਇਸ ਨੂੰ ਇਸ ਤਰ੍ਹਾਂ ਕਰ। *ਇਸ* ਤਰ੍ਹਾਂ ਤੁਰ।"

91 ਪਰਮੇਸ਼ੁਰ ਆਪਣੀ ਕਲੀਸਿਯਾ ਨਾਲ ਵੀ ਇਸੇ ਤਰ੍ਹਾਂ ਕਰਦਾ ਹੈ! ਹੇਠਾਂ ਝੁਕਦਾ ਹੈ ਅਤੇ ਉਸ ਨੂੰ ਆਪਣੀ ਬਾਹਾਂ ਵਿੱਚ ਲੈਂਦਾ ਹੈ, ਉਸ ਨੂੰ ਉੱਪਰ

ਚੁਕਦਾ ਹੈ ਅਤੇ ਕਹਿੰਦਾ ਹੈ, "ਪੁੱਤ੍ਰ, *ਇਸ* ਤਰ੍ਹਾਂ ਚੱਲੋ। ਇਥੇ, ਇਸ ਤਰ੍ਹਾਂ ਨਾ—ਨਾ—ਨਾ ਕਹੋ, *ਇਸ* ਤਰ੍ਹਾਂ ਗੱਲ ਨਾ ਕਰੋ। ਹੁਣ, ਮੈਨੂੰ ਪਰਵਾਹ ਨਹੀਂ ਕਿ ਕਲੀਸਿਯਾ ਕੀ ਕਹਿੰਦੀ ਹੈ, *ਇਹ* ਕੀ ਕਹਿੰਦਾ ਹੈ, *ਉਹ* ਕੀ ਕਹਿੰਦਾ ਹੈ, ਤੁਸੀਂ ਇਸ ਨੂੰ *ਇਸ* ਤਰ੍ਹਾਂ ਕਹੋ। *ਇਸ* ਤਰ੍ਹਾਂ, ਇਹੀ ਹੈ! ਜੇ ਮੇਰਾ ਵਚਨ ਇਸਦਾ ਪ੍ਰਚਾਰ ਕਰਦਾ ਹੈ, ਤੁਸੀਂ ਇਸ ਦੇ ਨਾਲ ਸਹੀ ਰਹੋ, ਇਸ ਦੇ ਨਾਲ ਚੱਲੋ। ਇਸ ਨਾਲ ਸਹੀ ਰਹੋ। ਪਰਵਾਹ ਨਾ ਕਰੋ ਕਿ ਹਰ ਕੋਈ ਕੀ ਕਹਿੰਦਾ ਹੈ, ਇਸ ਦੇ ਨਾਲ ਸਹੀ ਰਹੋ। *ਇਸ* ਤਰ੍ਹਾਂ ਚਲੋ। ਇਹੀ ਉਹ ਤਰੀਕਾ ਹੈ ਜਿਸ ਤਰ੍ਹਾਂ ਤੁਸੀਂ ਆਪਣੇ ਕਦਮ ਰਖਣੇ ਹਨ।"

92 ਸਾਡੇ ਪਾਪ; ਸਾਡੇ ਪਾਪਾਂ ਲਈ ਪ੍ਰੇਮ ਦਾ ਪ੍ਰਾਸਚਿਤ, ਨਹੀ ਤਾਂ ਸਾਨੂੰ ਕਦੇ ਮੌਕਾ ਨਹੀਂ ਮਿਲਦਾ। ਅਸੀਂ ਉਨ੍ਹਾਂ ਵਚਨਾਂ ਤੇ ਕਿਵੇਂ ਲੰਗਰ ਪਾ ਸਕਦੇ ਹਾਂ!

*...ਉਹ ਦੀ ਕਿਰਪਾ ਦੇ ਧਨ ਅਨੁਸਾਰ;*

*ਸਾਨੂੰ ਉਸ—ਉਸ ਨੇ ਚੋਖਾ ਦਿੱਤਾ...*

93 "ਚੋਖਾ" ਕੀ ਹੈ? ਔਹ, ਮੇਰੇ! ਜਿਥੇ ਉਸਨੇ ਸਾਨੂੰ ਚੋਖਾ ਦਿਤਾ, "ਇਸ ਦੇ ਬਹੁਤ ਸਾਰੇ ਢੇਰ।"

*...ਜਿਸ ਕਿਰਪਾ ਨੂੰ ਉਹ ਨੇ ਸਾਰੇ ਗਿਆਨ ਅਤੇ ਬੁੱਧ ਨਾਲ ਸਾਨੂੰ ਚੋਖਾ ਦਿੱਤਾ;*

94 "ਉਹ ਨੇ ਸਾਰੇ ਗਿਆਨ, ਅਤੇ ਬੁੱਧ ਨਾਲ ਸਾਨੂੰ ਚੋਖਾ ਦਿੱਤਾ।" ਸਾਰੀ "ਬੁੱਧ" ਨਾਲ, ਜਿਹੜੀ ਇਸ ਜਗਤ ਦੀ ਨਹੀਂ। ਜਗਤ ਦਾ ਗਿਆਨ ਉਸ ਦੇ ਲਈ ਮੂਰਖਤਾ ਹੈ, ਅਤੇ ਪਰਮੇਸ਼ੁਰ ਦਾ ਗਿਆਨ ਜਗਤ ਦੇ ਲਈ ਮੂਰਖਤਾ ਹੈ। ਜਿਵੇਂ ਦਿਨ ਅਤੇ ਰਾਤ, ਇਕ ਦੂਸਰੇ ਨਾਲ ਸਹਿਮਤ ਨਹੀਂ ਹੋ ਸਕਦੇ। ਪਰ ਜਦੋਂ ਸੂਰਜ ਚੜ੍ਹਨਾ ਸ਼ੁਰੂ ਹੁੰਦਾ ਹੈ ਅਤੇ ਦਿਨ ਦਾ ਸਮਾਂ ਆਉਂਦਾ ਹੈ, ਤਾਂ ਰਾਤ ਜਗ੍ਹਾ-ਜਗ੍ਹਾ ਖਿੰਡ ਜਾਂਦੀ ਹੈ। ਅਤੇ ਜਦੋਂ ਇੰਜੀਲ ਦੀ ਰੋਸ਼ਨੀ ਅੰਦਰ ਆਉਣੀ ਸ਼ੁਰੂ ਹੋ ਜਾਂਦੀ ਹੈ, ਤਾਂ ਸੰਸਾਰ ਦੀਆਂ ਸਾਰੀਆਂ ਚੀਜ਼ਾਂ ਖਤਮ ਹੋਣਾ ਸ਼ੁਰੂ ਹੋ ਜਾਂਦੀਆਂ ਹਨ। ਅਤੇ ਇਹ ਕੀ ਕਰਦਾ ਹੈ? ਉਹ ਆਪਣੇ ਬੱਚਿਆਂ ਉੱਤੇ ਚੋਖੀ ਸੂਰਜ ਦੀ ਰੌਸ਼ਨੀ ਪਾਉਂਦਾ ਹੈ, ਜਿਹੜੇ ਆਤਮਾ ਵਿੱਚ ਚੱਲਦੇ ਹਨ, ਪ੍ਰਮੇਸ਼ੁਰ ਦੀ ਆਤਮਾ ਦੀ ਅਗਵਾਈ ਨਾਲ ਚਲਦੇ ਹਨ, ਸਾਰੀ ਸਿਆਣਪ, ਸੂਝ, ਸਮਝ ਅਤੇ ਸਮਝਦਾਰੀ ਨਾਲ, ਉਸਦੀ ਕਿਰਪਾ ਵਿੱਚ ਵਧਦੇ ਰਹਿਣਾ, ਇਹ ਜਾਨਣ ਲਈ ਕਿ ਕਿਵੇਂ ਤੁਰਨਾ ਹੈ। ਤੁਸੀਂ ਵੇਖਦੇ ਹੋ ਇਹ ਗਲਤ ਹੈ, ਤਦ ਸਾਵਧਾਨ ਰਹੋ ਕਿ ਤੁਸੀਂ ਕੀ ਕਰਦੇ ਹੋ, ਤੁਸੀਂ ਕਿਵੇਂ...ਜੇਕਰ ਇਹ ਗਲਤ ਹੈ, ਤਾਂ ਸਾਵਧਾਨ ਰਹੋ ਕਿ ਤੁਸੀਂ ਇਸ ਦਾ ਕੀ ਕਰਦੇ ਹੋ। ਸੂਝਵਾਨ! ਅਸਲ ਵਿੱਚ ਨੇੜੇ ਹੋਵੋ,

ਸੱਚਮੁੱਚ ਨਿਸ਼ਚਤ ਕਰੋ ਕਿ ਤੁਸੀਂ ਜਾਣਦੇ ਹੋ ਕਿ ਇਸ ਦਾ ਕੀ ਕਰਨਾ ਹੈ। ਸੱਪ ਵਾਂਗ ਹੁਸ਼ਿਆਰ, ਕਬੂਤਰ ਵਾਂਗ ਭੋਲੇ। ਯਿਸੂ ਨੇ ਇਹੀ ਕਿਹਾ ਸੀ।

95 ਔਹ, ਇਹ ਅਨਮੋਲ ਰਤਨ ਹਨ, ਦੋਸਤੋ! ਅਸੀਂ ਬੱਸ ਹਰ ਰੋਜ ਇਸ ਤੇ ਪ੍ਰਚਾਰ ਕਰ ਸਕਦੇ ਹਾਂ। ਕੀ ਉਹ ਸ਼ਾਨਦਾਰ ਨਹੀਂ ਹਨ? ਸਿਆਣਪ, ਬੁੱਧ, ਉਸ ਨੇ ਸਾਨੂੰ ਚੋਖੀ ਦਿੱਤੀ ਹੈ, ਡੋਲ ਦਿੱਤੀ ਹੈ! ਸਾਨੂੰ ਬੱਸ ਇੱਕ ਚਮਚ ਭਰ ਕੇ ਨਹੀਂ ਦਿੱਤੀ, ਪਰ ਇੱਕ ਬੇਲਚੇ ਜਿਹਾ ਵੱਡਾ ਚਮਚ ਲਿਆ ਅਤੇ ਇਸ ਨੂੰ ਇਸ ਤਰ੍ਹਾਂ ਸੁੱਟਦਾ ਰਿਹਾ। ਜਿਸ ਕਿਰਪਾ ਨੂੰ, ਉਹ ਨੇ ਸਾਰੇ ਗਿਆਨ ਅਤੇ ਬੁੱਧ ਨਾਲ ਸਾਨੂੰ ਚੋਖਾ ਦਿੱਤਾ! ਔਹ, ਅਦਭੁਤ ਕਿਰਪਾ, ਕਿੰਨੀ ਮਿਠੀ ਆਵਾਜ!

> ਹੁਣ, *ਜਿਸ ਕਿਰਪਾ ਨੂੰ ਉਹ ਨੇ ਸਾਰੇ ਗਿਆਨ ਅਤੇ ਬੁੱਧ ਨਾਲ ਸਾਨੂੰ ...ਚੋਖਾ ਦਿੱਤਾ;*
>
> *ਆਪਣੀ ਇੱਛਿਆ ਦੇ ਭੇਤ ਨੂੰ ਸਾਡੇ ਉੱਤੇ ਪਰਗਟ ਕੀਤਾ,...*

96 ਉਹ ਕਿਸ ਨਾਲ ਗੱਲ ਕਰ ਰਿਹਾ ਸੀ? ਨਾਮਧਾਰੀ ਜਥੇਬੰਦੀਆਂ ਨਾਲ? ਕ੍ਰਿਪਾ ਕਰਕੇ, ਮੇਰੇ ਭਰਾਵੋ, ਇਹ ਨਾ ਸੋਚੋ ਕਿ ਮੈਂ ਤੁਹਾਡੀ ਜਥੇਬੰਦੀ ਦਾ ਅਪਮਾਨ ਕਰ ਰਿਹਾ ਹਾਂ, ਮੈਂ ਨਹੀਂ ਕਰ ਰਿਹਾ। ਮੈਂ ਤੁਹਾਨੂੰ ਦੱਸਣ ਦੀ ਕੋਸ਼ਿਸ਼ ਕਰ ਰਿਹਾ ਹਾਂ ਕਿ ਇਹ ਸ਼ੁਰੂਆਤ ਤੋਂ ਹੀ ਗਲਤ ਚੀਜ ਸੀ। ਯਿਸੂ ਨੇ ਕਿਹਾ, "ਜਾਓ ਖੁਸ਼ ਖਬਰੀ ਦਾ ਪ੍ਰਚਾਰ ਕਰੋ," ਅਸੀਂ ਗਏ ਨਾਮਧਾਰੀ ਜਥੇਬੰਦੀਆਂ ਬਣਾ ਦਿੱਤੀਆਂ। ਇਹੀ ਕਾਰਨ ਹੈ ਕਿ ਸਾਨੂੰ ਇਹ ਨਹੀਂ ਮਿਲਿਆ, ਅਸੀਂ ਮਨੁੱਖ ਦੀ ਬੁੱਧ ਦੇ ਪਿਛੇ ਚਲ ਰਹੇ ਹਾਂ। ਜੇ ਕੈਲਵਿਨ ਜਿਉਂਦਾ ਹੋ ਸਕਦਾ!

97 ਕਿਉਂ, ਜਿਆਦਾ ਚਿਰ ਨਹੀਂ ਹੋਇਆ ਮੈਂ ਇਕ ਮਹਾਨ ਆਦਮੀ, ਇੱਕ ਮਹਾਨ ਸੁਧਾਰਕ ਦੀ ਕਬਰ ਦੇ ਕੋਲ ਖਲੋਤਾ ਸੀ। ਅਤੇ ਮੈਂ ਸੋਚਿਆ, "ਉਹ ਕਿੰਨਾ ਮਹਾਨ ਆਦਮੀ ਸੀ!" ਉਹ ਸੀ! ਖੈਰ, ਇਹ...ਮੈਂ ਨਹੀਂ...ਇਹ ਜੌਨ ਵੈਸਲੀ ਸੀ। ਅਤੇ ਮੈਂ ਸੋਚਿਆ, "ਜੇ ਜੌਨ ਵੈਸਲੀ ਅੱਜ ਆਪਣੀ ਕਬਰ ਵਿੱਚੋਂ ਉੱਠ ਸਕਦਾ ਅਤੇ ਆਪਣੀ ਕਲੀਸਿਯਾ ਦੀ ਹਾਲਤ ਨੂੰ ਵੇਖ ਸਕਦਾ, ਉਹ ਆਪਣੇ ਨਾਮ ਤੋਂ ਸ਼ਰਮਿੰਦਾ ਹੋਏਗਾ!" ਜੌਨ ਵੈਸਲੀ ਇੱਕ ਧਰਮੀ ਆਦਮੀ ਸੀ, ਇੱਕ ਇਨਕਲਾਬੀ, ਜਿਵੇਂ ਉਸਨੇ ਇਸਨੂੰ ਕਿਹਾ। ਜੌਨ ਵੈਸਲੀ ਇਕ ਪਵਿੱਤਰ ਆਦਮੀ ਸੀ ਜੋ ਪਰਮੇਸ਼ੁਰ ਵਿਚ ਵਿਸ਼ਵਾਸ ਕਰਦਾ ਸੀ, ਅਤੇ ਕਦਮ ਦਰ ਕਦਮ ਉਸ ਦੇ ਪਿਛੇ ਚਲਦਾ ਸੀ। ਪਰ ਜੌਨ ਦੀ ਮੌਤ ਤੋਂ ਬਾਅਦ, ਉਨ੍ਹਾਂ ਨੇ ਕਿਹਾ, "ਅਸੀਂ ਜੌਨ ਦੇ ਲਈ ਇਕ ਕਲੀਸਿਯਾ ਬਣਾਵਾਂਗੇ ਤਾਂ ਜੋ ਸਾਡੇ ਕੋਲ ਇਕ ਕਲੀਸਿਯਾ ਹੋਵੇ, ਅਤੇ ਅਸੀਂ ਇਸ ਨੂੰ ਮੇਥੋਡਿਸਟ ਕਲੀਸਿਯਾ ਕਹਿੰਦੇ ਹਾਂ ਕਿਉਂਕਿ ਉਸਦਾ ਪਵਿੱਤਰ ਕਰਨ ਦਾ ਢੰਗ ਕਿਰਪਾ ਦਾ ਦੂਜਾ ਕੰਮ ਹੈ।"

98 ਫਿਰ ਉਨ੍ਹਾਂ ਨੇ ਇੱਕ ਕਲੀਸਿਯਾ ਬਣਾਈ, ਅਤੇ ਅੱਜ ਉਸ ਕਲੀਸਿਯਾ ਦੇ ਪੁਰਸ਼ ਉਸ ਸਭ ਕੁਝ ਤੋਂ ਇਨਕਾਰ ਕਰਦੇ ਹਨ ਜਿਸਦੇ ਲਈ ਜੌਨ ਵੈਸਲੀ ਖੜਾ ਸੀ। ਜੌਨ ਵੈਸਲੀ ਨੇ ਦੈਵਿਕ ਚੰਗਾਈ ਦਾ ਪ੍ਰਚਾਰ ਕੀਤਾ। ਜੌਨ ਵੈਸਲੀ ਆਤਮਾ ਦੇ ਬਪਤਿਸਮੇ ਵਿੱਚ ਵਿਸ਼ਵਾਸ ਕਰਦਾ ਸੀ। ਜੌਨ ਵੈਸਲੀ ਦਾਨਾਂ ਦੀ ਮੁੜ ਬਹਾਲੀ ਵਿਚ ਵਿਸ਼ਵਾਸ ਕਰਦਾ ਸੀ। ਜੌਨ ਵੈਸਲੀ, ਮਾਰਟਿਨ ਲੂਥਰ, ਉਨ੍ਹਾਂ ਬਹੁਤ ਸਾਰੇ ਮਹਾਂ ਪੁਰਖਾਂ ਨੇ ਵੱਖੋ-ਵੱਖਰੀਆਂ ਭਾਸ਼ਾਵਾਂ ਬੋਲੀਆਂ ਅਤੇ ਤਰਜਮਾ ਕੀਤਾ। ਅਤੇ, ਅੱਜ, ਜੇ ਤੁਸੀਂ ਇਕ ਮੈਥੋਡਿਸਟ ਚਰਚ ਜਾਂ ਲੂਥਰਨ ਚਰਚ ਵਿਚ ਵੱਖੋ ਵੱਖਰੀਆਂ ਭਾਸ਼ਾਵਾਂ ਵਿਚ ਗੱਲ ਕਰੋਗੇ, ਤਾਂ ਉਹ ਤੁਹਾਨੂੰ ਦਰਵਾਜ਼ੇ ਤੇ ਬਾਹਰ ਕੱਢ ਦੇਣਗੇ। ਕੀ ਮਾਮਲਾ ਹੈ? ਠੀਕ ਉਸੇ ਸਮੇਂ ਜਿੱਥੇ ਸਾਨੂੰ ਪੁੱਤਰਾਂ ਨੂੰ ਅਹੁਦੇ ਤੇ ਰੱਖਣ ਦੀ ਲੋੜ ਹੈ, ਕੀ ਮਾਮਲਾ ਹੈ? ਉਨ੍ਹਾਂ ਨੇ ਕੁਝ ਹੋਰ ਅਪਣਾਇਆ ਹੈ, ਕਿਉਂਕਿ ਉਹ ਪਰਮੇਸ਼ੁਰ ਦੇ ਭੇਤ ਨੂੰ ਨਹੀਂ ਜਾਣਦੇ। ਅਤੇ ਉਹ ਇਸ ਨੂੰ ਕਦੇ ਕਿਸੇ ਸੈਮੀਨਾਰ ਰਾਹੀਂ ਨਹੀਂ ਜਾਨਣਗੇ!

99 ਮੈਨੂੰ ਹੁਣ ਤੁਹਾਡੇ ਲਈ ਕੁਝ ਪੜ੍ਹਨ ਦਿਓ। ਕੀ ਇਹ ਸਭ ਠੀਕ ਹੈ? ਠੀਕ ਹੈ। ਆਓ ਵੇਖਦੇ ਹਾਂ, ਮੈਂ ਇਥੇ ਕੁਝ ਲਿਖਿਆ ਹੋਇਆ ਹੈ। ਆਓ ਜਾਣਦੇ ਹਾਂ ਪੌਲੁਸ ਕਿਵੇਂ...ਹੁਣ, ਇੱਥੇ, ਇਸ ਸੰਦੇਸ਼ ਦਾ ਅਧਿਆਪਕ ਹੈ। ਆਓ ਰਸੂਲਾਂ ਦੇ ਕਰਤਬ 9:5 ਵਿਚ ਚਲੀਏ, ਬੱਸ ਇੱਕ ਮਿੰਟ। ਸੁਣੋ ਕਿ ਕਿਵੇਂ ਪੌਲੁਸ ਨੂੰ ਇਹ ਪ੍ਰਕਾਸ਼ਨ ਮਿਲਿਆ, ਜੋ ਵੀ ਹੋਇਆ ਸੀ। ਹੁਣ, ਰਸੂਲਾਂ ਦੇ ਕਰਤਬ 9 ਵਿਚ, ਅਸੀਂ ਇਸ ਤਰ੍ਹਾਂ ਪੜ੍ਹਨਾ ਸ਼ੁਰੂ ਕਰਦੇ ਹਾਂ। ਇਹ ਐਤਵਾਰ ਸਕੂਲ ਦੀ ਜਮਾਤ, ਤਾਂ ਕਿਉਂ ਨਹੀਂ—ਕਿਉਂ ਨਾ ਇਸ ਵਿਚ ਪੜ੍ਹਿਆ ਜਾਵੇ? ਮੈਨੂੰ ਦੱਸ ਦੇਣਾ ਜਦੋਂ ਮੈਂ ਬਾਹਰ...?...

> *ਅਰ ਸੌਲੁਸ ਅਜੇ ਪ੍ਰਭੁ ਦੇ ਚੇਲਿਆਂ ਦੇ ਦਬਕਾਉਣ...*(ਓਹ, ਉਹ ਟੇਢੇ ਨੱਕ ਵਾਲਾ, ਗੁੱਸੇਖੋਰ, ਮਤਲਬੀ ਯਹੂਦੀ!)...*ਅਤੇ ਕਤਲ ਕਰਨ ਤੇ ਦਮ ਮਾਰਦਾ ਹੋਇਆ ਸਰਦਾਰ ਜਾਜਕ ਦੇ ਕੋਲ ਗਿਆ,*
>
> *ਅਤੇ ਉਸ ਕੋਲੋਂ ਦੰਮਿਸਕ ਦੀਆਂ ਸਮਾਜਾਂ ਦੇ ਨਾਉਂ ਇਸ ਪਰਕਾਰ ਦੀਆਂ ਚਿੱਠੀਆਂ ਮੰਗੀਆਂ ਭਈ ਜੋ ਇਸ ਪੰਥ ਦੇ ਮੈਨੂੰ ਮਿਲਣ...*

100 "ਮੈਂ ਉਨ੍ਹਾਂ ਨੂੰ ਲਭਾਂਗਾ! ਜੇ ਮੈਂ ਉਨ੍ਹਾਂ ਨੂੰ ਲੱਭ ਸਕਾਂ, ਲੜਕੇ, ਮੈਂ ਉਨ੍ਹਾਂ ਨਾਲ ਕੀ ਕਰਾਂਗਾ!" ਵੇਖਿਆ? "ਜੇ ਮੈਂ ਉਨ੍ਹਾਂ ਨੂੰ ਲੱਭ ਸਕਾਂ!" ਪਰ ਉਹ ਪਹਿਲਾਂ ਤੋਂ ਠਹਿਰਾਇਆ ਹੋਇਆ ਸੀ!

101 ਤੁਸੀਂ ਕਿਵੇਂ ਜਾਣਦੇ ਹੋ ਕਿ ਉਹ ਅਵੈਧ ਸ਼ਰਾਬ ਵੇਚਣ ਵਾਲਾ ਬੁਢਾ ਜੀਵਨ ਦੇ ਲਈ ਪਹਿਲਾਂ ਤੋਂ ਠਹਿਰਾਇਆ ਹੋਇਆ ਨਹੀਂ ਹੈ? ਤੁਸੀਂ ਕਿਵੇਂ ਜਾਣਦੇ ਹੋ ਕਿ ਉਹ ਗਲੀਆਂ ਵਿੱਚ ਫਿਰਣ ਵਾਲੀ ਜਿਸ ਨਾਲ ਤੁਸੀਂ ਗੱਲ ਵੀ ਨਹੀਂ

ਕਰਦੇ, ਤੁਸੀਂ ਕਿਵੇਂ ਜਾਣਦੇ ਹੋ ਕਿ ਉਸ ਨਾਲ ਥੋੜਾ ਜਿਹਾ ਹੱਥ ਮਿਲਾਉਣਾ ਅਤੇ ਉਸ ਨੂੰ ਕਲੀਸਿਯਾ ਵਿੱਚ ਬੁਲਾਉਣਾ ਉਸ ਨੂੰ ਇੱਕ ਸੰਤ ਬਣਾ ਦੇਵੇਗਾ, ਮਹਿਮਾ ਵਿੱਚ ਲੈ ਜਾਵੇਗਾ? ਜਦਕਿ...ਤੁਸੀਂ ਕਿਵੇਂ ਜਾਣਦੇ ਹੋ ਕਿ ਉਹ ਨਹੀਂ ਹੈ? ਇਹ ਉਹ ਹੈ ਜੋ ਅਸੀਂ ਨਹੀਂ ਜਾਣਦੇ। ਪਰ ਇਹ ਸਾਡਾ ਫਰਜ਼ ਹੈ। ਜਿਵੇਂ ਮਛੇਰੇ ਨੇ ਸਮੁੰਦਰ ਵਿੱਚ ਜਾਲ ਸੁੱਟਿਆ ਅਤੇ ਬਾਹਰ ਖਿੱਚਿਆ, ਉਸ ਨੇ ਡੱਡੂ, ਮੱਛੀ, ਕਿਰਲੀ, ਪਾਣੀ ਦੀਆਂ ਮੱਕੜੀਆਂ, ਅਤੇ ਹੋਰ ਸਭ ਕੁਝ, ਖਿਚ ਲਿਆ ਸੀ, ਪਰ ਉਨ੍ਹਾਂ ਵਿਚੋਂ ਕੁਝ ਮੱਛੀਆਂ ਸਨ। ਉਹ ਨਹੀਂ ਜਾਣਦਾ ਸੀ, ਉਸਨੇ ਬੱਸ ਜਾਲ ਸੁੱਟਿਆ। ਇਹ ਉਹ ਹੈ ਜੋ ਅਸੀਂ ਕਰਦੇ ਹਾਂ। ਪੌਲੁਸ ਨੂੰ ਦੇਖੋ।

> *...ਦੰਮਿਸਕ ਦੀਆਂ ਸਮਾਜਾਂ ਦੇ ਨਾਉਂ ਇਸ ਪਰਕਾਰ ਦੀਆਂ ਚਿੱਠੀਆਂ ਮੰਗੀਆਂ, ਭਈ ਜੋ ਇਸ ਪੰਥ ਦੇ ਮੈਨੂੰ ਮਿਲਣ, ਭਾਵੇਂ ਮਨੁੱਖ ਭਾਵੇਂ ਤੀਵੀਂ, ਤਾਂ ਓਹਨਾਂ ਨੂੰ ਬੱਧੇ ਹੋਏ ਯਰੂਸ਼ਲਮ ਵਿੱਚ ਲਿਆਵਾਂ।* (ਭਾਈ, ਉਸ ਸਚਮੁਚ ਸਖਤ ਸੀ!)

> *ਜਾਂ ਉਹ ਚੱਲਿਆ ਜਾਂਦਾ ਸੀ, ਤਾਂ ਐਉਂ ਹੋਇਆ ਜੋ ਉਹ ਦੰਮਿਸਕ ਦੇ ਨੇੜੇ ਆ ਢੁੱਕਿਆ: ਅਤੇ ਅਚਾਣਕ ਅਕਾਸ਼ੋਂ ਇੱਕ ਜੋਤ ਉਹ ਉਹ ਦੇ ਚੁਫੇਰੇ ਚਮਕੀ...*

102 ਉਥੇ ਸੜਕ ਤੇ ਇੱਕ ਪਾਦਰੀ ਆਇਆ, ਡਾਕਟਰ ਐੱਫ. ਐੱਫ. ਜੋਨਸ, ਅਤੇ ਉਸਨੂੰ ਕਿਹਾ, 'ਪੁੱਤਰ, ਹੁਣ ਤੁਹਾਨੂੰ ਇੱਕ—ਇੱਕ ਸੈਮੀਨਾਰ ਦਾ ਤਜਰਬਾ ਚਾਹੀਦਾ ਹੈ, ਅਤੇ ਮੈਨੂੰ ਵਿਸ਼ਵਾਸ ਹੈ ਕਿ ਪਰਮੇਸ਼ੁਰ ਤੁਹਾਨੂੰ ਇਸਤੇਮਾਲ ਕਰ ਸਕਦਾ ਹੈ।'" ਜੇ ਇਹ ਇਸ ਨੂੰ ਇਸ ਤਰ੍ਹਾਂ ਪੜ੍ਹਿਆ ਜਾਂਦਾ ਤਾਂ ਕੀ ਇਹ ਭਿਆਨਕ ਦਿਖਾਈ ਦੇਣ ਵਾਲੀ ਲਿਖਤ ਨਾ ਹੁੰਦੀ? ਹੁਣ, ਇਹ ਬਹੁਤ ਜ਼ਿਆਦਾ ਸਮਝ ਹੈ...ਮੈਂ ਇਹ ਇਕ ਮਜ਼ਾਕ ਲਈ ਨਹੀਂ ਕਹਿ ਰਿਹਾ। ਇਹੀ ਹੈ, ਅਸੀਂ, ਅੱਜ ਅਸੀਂ ਇਸ ਦਾ ਇਹੀ ਮਤਲਬ ਕਢਦੇ ਹਾਂ। "ਤੁਸੀਂ ਜਾਣਦੇ ਹੋ, ਤੁਹਾਡੀ ਮਾਂ ਇਕ ਚੰਗੀ ਔਰਤ ਸੀ, ਮੈਨੂੰ ਵਿਸ਼ਵਾਸ ਹੈ ਕਿ ਤੁਸੀਂ ਇੱਕ ਚੰਗੇ ਪ੍ਰਚਾਰਕ ਬਣੋਗੇ।" ਦੇਖੋ ਕੀ ਹੋਇਆ।

> *ਜਾਂ—ਜਾਂ ਉਹ ਚੱਲਿਆ ਜਾਂਦਾ ਸੀ ਤਾਂ ਐਉਂ ਹੋਇਆ ਜੋ ਉਹ ਦੰਮਿਸਕ ਦੇ ਨੇੜੇ ਆ ਢੁੱਕਿਆ: ਅਤੇ ਅਚਾਨਕ ਅਕਾਸ਼ੋਂ ਇੱਕ ਜੋਤ ਉਹ ਉਹ ਦੇ ਚੁਫੇਰੇ, ਚਮਕੀ...* (ਵ੍ਹਯੂ, ਅਲੌਕਿਕ ਸ਼ੁਰੂ ਹੁੰਦਾ ਹੈ!)...*ਅਕਾਸ਼ੋਂ ਇੱਕ ਜੋਤ:*

> *ਤਾਂ ਉਹ ਭੁਵੇਂ ਡਿੱਗ ਪਿਆ ਅਤੇ ਇੱਕ ਅਵਾਜ਼ ਸੁਣੀ, ਜੋ ਉਹ ਨੂੰ ਕਹਿੰਦੀ ਸੀ...ਹੇ ਸੌਲੁਸ, ਹੇ ਸੌਲੁਸ, ਤੂੰ ਮੈਨੂੰ ਕਿਉਂ ਸਤਾਉਂਦਾ ਹੈਂ?*

*ਉਹ ਨੇ ਆਖਿਆ, ਪ੍ਰਭੂ ਜੀ, ਤੂੰ ਕੌਣ ਹੈਂ? ਅਤੇ ਪ੍ਰਭੂ ਨੇ ਉਸ ਨੂੰ ਕਿਹਾ, ਮੈਂ ਯਿਸੂ ਹਾਂ ਜਿਹ ਨੂੰ ਤੂੰ ਸਤਾਉਂਦਾ ਹੈਂ: ਅਤੇ ਤੇਰੇ ਲਈ ਪਰਮੇਸ਼ੁਰ ਨਾਲ ਲੜ੍ਹਨਾ ਔਖਾ ਹੈ।*

*ਅਤੇ ਉਹ ਕੰਬ ਗਿਆ ਅਤੇ ਹੈਰਾਨ ਹੋਇਆ ਅਤੇ ਕਿਹਾ, ਪ੍ਰਭੂ ਜੀ, ਤੁਸੀਂ ਕੀ ਚਾਹੁੰਦੇ ਹੋ ਜੋ ਮੈਂ...ਕਰਾਂ? ਉੱਠ ਅਤੇ ਸ਼ਹਿਰ ਵਿੱਚ ਜਾਹ ਅਰ ਜੋ ਕੁਝ ਤੈਨੂੰ ਕਰਨਾ ਚਾਹੀਦਾ ਹੈ ਸੋ ਤੈਨੂੰ ਦੱਸਿਆ ਜਾਵੇਗਾ।*

103 ਜਿਹੜੇ ਪੁਰਖ ਉਹ ਦੇ ਨਾਲ, ਪੈਂਡਾ ਕਰਦੇ ਸਨ, ਅਤੇ ਉਨ੍ਹਾਂ ਨੂੰ ਇੱਕ ਮਨੁੱਖ ਮਿਲਿਆ। ਹਨਾਨਿਯਾਹ, ਉਸ ਨੇ, ਇੱਕ ਦਰਸ਼ਣ ਵੇਖਿਆ। ਸਭ ਕੁਝ ਅਲੌਕਿਕ ਸੀ! ਅਤੇ ਬੁੱਢਾ ਸ਼ਾਊਲ, ਉਹ ਬੁੱਢਾ ਮਤਲਬੀ ਆਦਮੀ! ਇਸ ਹਨਾਨਿਯਾਹ ਨੇ ਇੱਕ ਦਰਸ਼ਣ ਦੇਖਿਆ, ਉਸਦੇ ਘਰ ਵਿੱਚ ਵੇਖਿਆ। ਉਹ ਇੱਕ ਨਬੀ ਸੀ, ਉਸਦੇ ਆਪਣੇ ਘਰ ਵਿਚ ਪ੍ਰਾਰਥਨਾ ਕਰ ਰਿਹਾ ਸੀ, ਅਤੇ ਉਸਨੇ ਇੱਕ ਦਰਸ਼ਨ ਵੇਖਿਆ। ਉਹ...ਪ੍ਰਭੂ ਨੇ ਉਸ ਨਾਲ ਗੱਲ ਕੀਤੀ ਅਤੇ ਕਿਹਾ, "ਇਕ ਆਦਮੀ ਉਥੇ ਰਾਹ ਤੇ ਆ ਰਿਹਾ ਹੈ, ਇਕ ਚਮਗਿੱਦੜ ਵਾਂਗ ਅੰਨ੍ਹਾ ਹੈ, ਅਤੇ ਉਸਦਾ ਨਾਮ ਸ਼ਾਊਲ ਹੈ, ਉਹ ਸ਼ਾਊਲ ਤਰਸੁਸ ਦਾ ਰਹਿਣ ਵਾਲਾ ਹੈ।"

104 ਪਰ ਹਨਾਨਿਯਾਹ ਨੇ ਕਿਹਾ, "ਪ੍ਰਭੂ ਜੀ, ਮੈਂ ਬਹੁਤਿਆਂ ਕੋਲੋਂ ਏਸ ਮਨੁੱਖ ਦੀ ਗੱਲ ਸੁਣੀ ਹੈ। ਮੈਨੂੰ ਨਾ ਭੇਜ, ਮੈਂ ਇੱਕ ਛੋਟਾ ਆਦਮੀ ਹਾਂ। ਮੈਨੂੰ ਉਸਦੇ ਕੋਲ ਨਾ ਭੇਜ।"

105 ਉਸਨੇ ਕਿਹਾ, "ਪਰ, ਵੇਖ, ਜੱਦ ਉਹ ਰਾਹ ਵਿੱਚ ਆ ਰਿਹਾ ਸੀ, ਮੈਂ ਉਸ ਨੂੰ ਇੱਕ ਦਰਸ਼ਣ ਵਿਖਾਇਆ। ਮੈਂ ਅੱਗ ਦੇ ਥਮ ਵਿੱਚ ਉਸ ਨੂੰ ਦਰਸਣ ਦਿੱਤੇ। ਮੈਂ ਉਸ ਨੂੰ ਓਨਾ ਹੀ ਅੰਨ੍ਹਾ ਕਰ ਦਿਤਾ ਹੈ ਜਿੰਨਾ ਉਹ ਹੋ ਸਕਦਾ ਹੈ। ਅਤੇ ਮੈਨੂੰ ਉਸ ਨੂੰ ਅੰਨ੍ਹਾ ਕਰਨਾ ਪਿਆ ਅਤੇ ਉਸਨੂੰ ਬਾਹਰ ਕੱਢਣਾ ਪਿਆ ਇਸ ਤੋਂ ਪਹਿਲਾਂ ਕਿ ਮੈਂ ਉਸ ਵਿੱਚੋਂ ਕੁਝ ਵੀ ਬਣਾ ਸਕਾਂ। ਵੇਖਿਆ, ਮੈਨੂੰ ਉਸ ਦੇ ਸਾਰੇ ਸ਼ਾਸਤਰ ਗਿਆਨ ਨੂੰ ਪਾੜਨਾ ਪਿਆ। ਤੁਸੀਂ ਜਾਣਦੇ ਹੋ, ਉਹ—ਉਹ—ਉਹ ਉੱਥੋਂ ਦੇ ਗਿਰਜਿਆਂ ਵਿਚੋਂ ਕਿਸੇ ਇੱਕ ਦਾ ਬਹੁਤ ਵੱਡਾ ਮੈਂਬਰ ਸੀ। ਉਸ ਕੋਲ ਸਾਰੀਆਂ ਕਿਸਮਾਂ ਦੀਆਂ ਡਿਗਰੀਆਂ ਸਨ, ਉਸਨੂੰ ਕਿਸੇ ਚੀਜ਼ ਨੂੰ ਸਿੱਖਣ ਦੀ ਲੋੜ੍ਹ ਨਹੀਂ ਸੀ, ਪਰ," ਉਸਨੇ ਕਿਹਾ, "ਮੈਨੂੰ ਕੀ ਕਰਨਾ ਪਿਆ ਕਿ ਇਹ ਸਭ ਉਸ ਵਿਚੋਂ ਬਾਹਰ ਕੱਢਣਾ ਪਿਆ।"

106 ਉਹ ਚੀਜ਼ ਸੀ। ਉਸ ਨੇ ਉਸ ਵਿਚ ਹੋਰ ਨਹੀਂ ਪਾਇਆ, ਪਰ ਉਸ ਵਿਚੋਂ ਬਾਹਰ ਕਢ ਦਿੱਤਾ। ਮੇਰੇ ਖਿਆਲ ਵਿਚ ਅੱਜ ਸਾਡੇ ਬਹੁਤ ਸਾਰੇ ਪਾਦਰੀਆਂ

ਨਾਲ ਇਹ ਹੀ ਮਾਮਲਾ ਹੈ; ਆਪਣੇ ਵਿੱਚੋਂ ਬਾਹਰ ਕੱਢੋ, ਜਿਥੇ ਪਰਮੇਸ਼ੁਰ ਉਨ੍ਹਾਂ ਵਿੱਚ ਪਵਿੱਤਰ ਆਤਮਾ ਪਾ ਸਕਦਾ ਹੈ। ਬਾਹਰ ਕੱਢ ਦਿਓ! ਉਥੇ, ਉਸਨੇ ਕਿਹਾ ਕਿ ਉਹ...

107 ਅਤੇ ਉਸਨੇ ਕਿਹਾ, "ਪ੍ਰਭੂ, ਪਰ ਇਹ—ਇਹ—ਇਹ ਆਦਮੀ ਬਹੁਤ ਖਤਰਨਾਕ ਆਦਮੀ ਹੈ।"

108 ਉਸ ਨੇ ਕਿਹਾ, "ਪਰ, ਵੇਖ, ਉਹ ਪ੍ਰਾਰਥਨਾ ਕਰਦਾ ਹੈ। ਹੁਣ, ਤੂੰ ਇਕ ਗਲੀ ਵਿਚੋਂ ਲੰਘੇਗਾ ਅਤੇ ਇੱਕ ਝਰਨੇ ਕੋਲ ਜਾਵੇਂਗਾ। ਤੂੰ ਉਸ ਝਰਨੇ ਨੂੰ ਖੱਬੇ ਪਾਸਿਉਂ ਦੀ ਪਾਰ ਕਰੀਂ, ਅਤੇ ਤੂੰ ਹੇਠਾਂ ਜਾਵੀਂ। ਉਥੇ ਇੱਕ ਚਿੱਟਾ ਘਰ ਹੋਵੇਗਾ, ਉਥੇ ਜਾਵੀਂ ਅਤੇ ਬੂਹੇ ਨੂੰ ਖੜਕਾਵੀਂ। ਉਹ ਉਥੇ ਕਮਰੇ ਵਿੱਚ ਪਿਆ ਹੋਇਆ ਹੈ, ਇਥੇ ਹੀ ਉਨ੍ਹਾਂ ਉਸ ਨੂੰ ਰਖਿਆ ਹੈ। ਆਪਣੇ ਹੱਥ ਉਸ ਉੱਤੇ ਰੱਖੀਂ, ਉਸਨੂੰ ਦੰਮਿਸਕ ਨਦੀ ਵਿੱਚ ਲੈ ਜਾਵੀਂ ਅਤੇ ਉਸਨੂੰ ਯਿਸੂ ਦੇ ਨਾਮ ਵਿੱਚ ਬਪਤਿਸਮਾ ਦੇਵੀਂ। ਕਿਉਂਕਿ, ਮੈਂ ਉਸ ਨੂੰ ਵਿਖਾਵਾਂਗਾ ਜੋ ਮੇਰੇ ਨਾਮ ਦੇ ਬਦਲੇ, ਉਸ ਨੂੰ ਕੀ ਕੁੱਝ ਝੱਲਣਾ ਪਵੇਗਾ, ਕਿਉਂ ਜੋ ਉਹ ਪਰਾਈਆਂ ਕੌਮਾਂ ਲਈ ਮੇਰਾ ਇੱਕ ਸੰਦੇਸ਼ਵਾਹਕ ਹੈ।" ਆਮੀਨ!

109 "ਅੱਛਾ, ਹੁਣ, ਇਕ ਮਿੰਟ ਰੁੱਕਣਾ, ਪ੍ਰਭੂ! ਹੁਣ, ਮੈਨੂੰ ਉਸ ਨੂੰ ਕਿਹੜੇ ਸਕੂਲ ਦੀ ਸਲਾਹ ਦੇਣੀ ਚਾਹੀਦੀ ਹੈ?" ਮੈਂ ਤੁਹਾਨੂੰ ਦੱਸਾਂਗਾ ਕਿ ਕੀ ਕਰਨਾ ਚਾਹੀਦਾ ਹੈ, ਆਓ ਗਲਾਤੀਆਂ ਨੂੰ ਪੜ੍ਹੀਏ ਅਤੇ ਪਤਾ ਕਰੀਏ। ਬੱਸ ਅਗਲਾ—ਅਗਲਾ ਅਧਿਆਇ ਠੀਕ ਪਿਛੇ। ਆਓ ਗਲਾਤੀਆਂ 1 ਲੱਭੀਏ, ਅਤੇ 10 ਵੀਂ ਆਇਤ ਤੋਂ ਅਰੰਭ ਕਰੀਏ, ਅਤੇ ਆਓ ਜਾਣੀਏ ਕਿ ਪੌਲੁਸ ਕਿਹੜੇ ਸਕੂਲ ਗਿਆ ਸੀ, ਕਿਹੜੀ ਸੈਮੀਨਰੀ, ਅਤੇ ਕਿਸ ਦੇ ਹੱਥ ਉਸ ਉੱਤੇ ਰੱਖੇ ਗਏ ਸਨ, ਅਤੇ, ਔਹ, ਉਹ ਸਭ ਵਾਪਰਿਆ। ਗਲਾਤੀਆਂ ਪਹਿਲਾ ਅਧਿਆਇ। ਸਮਾਂ ਬਚਾਉਣ ਲਈ, ਆਓ ਉਸਦੇ ਬਦਲੇ ਜਾਣ ਬਾਰੇ, 10ਵੀ ਆਇਤ ਤੋਂ ਸ਼ੁਰੂਆਤ ਕਰੀਏ।

> *ਕੀ ਮੈਂ ਹੁਣ ਮਨੁੱਖਾਂ ਨੂੰ ਮਨਾਉਂਦਾ ਹਾਂ, ਯਾ ਪਰਮੇਸ਼ੁਰ ਨੂੰ? ਅਥਵਾ ਕੀ ਮੈਂ ਮਨੁੱਖਾਂ ਨੂੰ ਰਿਝਾਇਆ ਚਾਹੁੰਦਾ ਹਾਂ? ਮੈਂ ਅਜੇ ਤੋੜੀ ਮਨੁੱਖਾਂ ਨੂੰ ਰਿਝਾਉਂਦਾ ਰਹਿੰਦਾ, ਤਾਂ ਮੈਂ ਮਸੀਹ ਦਾ ਦਾਸ ਨਾ ਹੁੰਦਾ।*

110 ਔਹ, ਮੇਰੇ, ਮੇਰੇ, ਮੇਰੇ! ਕੀ ਮੈਂ ਇਸ ਤੋਂ ਪਹਿਲਾਂ ਥੋੜਾ ਕੁਝ ਕਹਿ ਸਕਦਾ ਹਾਂ। ਗਲਾਤੀਆਂ 1, 8ਵਾਂ ਅਧਿਆਇ ਖੋਲੋ। ਕਿੰਨੇ ਜਾਣਦੇ ਹਨ ਕਿ ਪੌਲੁਸ ਨੇ ਹੀ ਉਨ੍ਹਾਂ ਨੂੰ ਯਿਸੂ ਦੇ ਨਾਮ, ਰਸੂਲਾਂ ਦੇ ਕਰਤੱਬ 19 ਵਿੱਚ ਦੁਬਾਰਾ ਬਪਤਿਸਮਾ ਦਿੱਤਾ? ਯਕੀਨਨ ਦਿੱਤਾ। ਆਓ ਅਸੀਂ ਇਥੇ ਥੋੜ੍ਹਾ ਜਿਹਾ ਉਪਰ ਆਉਂਦੇ ਹਾਂ, 8ਵੀਂ—8ਵੀਂ ਆਇਤ।

*...ਪਰ ਜੇਕਰ ਅਸੀਂ ਵੀ, ਯਾ ਸੁਰਗ ਤੋਂ ਕੋਈ ਦੂਤ, ਉਸ ਖੁਸ਼ ਖਬਰੀ ਤੋਂ ਬਿਨਾ ਜਿਹੜੀ ਅਸਾਂ ਤੁਹਾਨੂੰ ਸੁਣਾਈ ਸੀ ਕੋਈ ਹੋਰ ਖੁਸ਼ ਖਬਰੀ ਤੁਹਾਨੂੰ ਸੁਣਾਵੇ, ਤਾਂ ਉਹ ਸਰਾਪਤ ਹੋਵੇ।*

111 ਪੌਲੁਸ, ਤੁਹਾਨੂੰ ਇਹ ਖੁਸ਼ ਖਬਰੀ ਕਿਥੋਂ ਮਿਲੀ? 9ਵੀਂ ਆਇਤ।

*...ਜਿੱਕੁਰ ਅਸਾਂ ਅੱਗੇ ਕਿਹਾ ਹੈ, ਤਿੱਕੁਰ ਮੈਂ ਹੁਣ ਫੇਰ ਵੀ ਆਖਦਾ ਹਾਂ, ਭਈ ਜੇ ਕੋਈ ਉਸ ਖੁਸ਼ ਖਬਰੀ ਤੋਂ ਬਿਨਾ ਜਿਹੜੀ ਤੁਸਾਂ ਕਬੂਲ ਕੀਤੀ ਤੁਹਾਨੂੰ ਕੋਈ ਹੋਰ ਖੁਸ਼ ਖਬਰੀ ਸੁਣਾਵੇ, ਤਾਂ ਉਹ ਸਰਾਪਤ ਹੋਵੇ।*

112 ਭਾਵੇਂ ਉਹ ਮਹਾਂ ਦੂਤ ਹੈ, ਜਾਂ ਉਹ ਇੱਕ ਬਿਸ਼ਪ ਹੈ, ਜਾਂ ਉਹ ਇੱਕ ਆਮ ਨਿਗਾਹਬਾਨ ਹੈ, ਜਾਂ ਉਹ ਡਾਕਟਰ ਫਲਾਣਾ-ਫਲਾਣਾ ਹੈ, ਜਿਹੜਾ ਵੀ ਉਹ ਹੈ, ਜੇ ਉਹ ਯਿਸੂ ਮਸੀਹ ਦੇ ਨਾਮ ਵਿੱਚ ਪਾਣੀ ਦੇ ਬਪਤਿਸਮੇ, ਪਵਿੱਤਰ ਆਤਮਾ ਦੇ ਬਪਤਿਸਮੇ ਦਾ ਪ੍ਰਚਾਰ ਨਹੀਂ ਕਰਦਾ, ਦਾਨਾਂ ਦੀ ਬਹਾਲੀ, ਮਸੀਹ ਦੀ ਆਮਦ, ਇਨ੍ਹਾਂ ਸਭ ਚੀਜ਼ਾਂ ਦਾ ਪ੍ਰਚਾਰ ਨਹੀਂ ਕਰਦਾ, ਤਾਂ ਉਹ ਸਰਾਪਤ ਹੋਵੇ! ਜੇ ਉਹ ਕਿਸੇ ਵੀ ਵਚਨ ਨੂੰ ਲੈ ਕੇ ਇਹ ਕਹਿਣ ਦੀ ਕੋਸ਼ਿਸ ਕਰੇ ਕਿ ਇਹ ਕਿਸੇ ਹੋਰ ਦਿਨ ਲਈ ਸੀ ਅਤੇ ਇਸ ਨੂੰ ਕੁਝ ਨਵੇਂ ਮਨਘੜਤ ਵਿਚਾਰ ਤੇ ਰੱਖੇ ਜਿਸ ਨੂੰ ਅਸੀਂ ਕਿਸੇ ਸੈਮੀਨਾਰ ਤੋਂ ਸਿੱਖਿਆ ਹੈ, ਤਾਂ ਉਹ ਸਰਾਪਤ ਹੋਵੇ!

113 ਆਓ ਅਸੀਂ ਪੜ੍ਹਦੇ ਹਾਂ, ਵੇਖੋ ਕਿ ਪੌਲੁਸ ਨੂੰ ਇਹ ਕਿਵੇਂ ਮਿਲਿਆ, ਵੇਖੋ ਕਿਵੇਂ, ਮੈਂ ਅੱਜ ਸਵੇਰੇ ਤੁਹਾਨੂੰ ਕੀ ਕਹਿਣ ਦੀ ਕੋਸ਼ਿਸ਼ ਕਰ ਰਿਹਾ ਹਾਂ।

*ਕੀ ਮੈਂ ਹੁਣ ਮਨੁੱਖਾਂ ਨੂੰ ਮਨਾਉਂਦਾ ਹਾਂ ਯਾ ਪਰਮੇਸ਼ੁਰ ਨੂੰ? ਅਥਵਾ ਕੀ ਮੈਂ ਮਨੁੱਖਾਂ ਨੂੰ ਰਿਝਾਇਆ ਚਾਹੁੰਦਾ ਹਾਂ? ਮੈਂ ਅਜੇ ਤੋੜੀ ਮਨੁੱਖਾਂ ਨੂੰ ਰਿਝਾਉਂਦਾ ਰਹਿੰਦਾ ਤਾਂ ਮੈਂ ਮਸੀਹ ਦਾ ਦਾਸ ਨਾ ਹੁੰਦਾ।*

114 ਮੈਂ ਕਿਸੇ ਵੀ ਚੀਜ ਦੀ ਕਿਵੇਂ ਉਮੀਦ ਕਰ ਸਕਦਾ ਹਾਂ, ਇੱਕ ਆਦਮੀ ਜੋ ਪਰਮੇਸ਼ੁਰ ਨੂੰ ਪਿਆਰ ਕਰਦਾ ਹੈ, ਅਤੇ ਖ਼ਾਸਕਰ, ਇੱਕ ਪ੍ਰਚਾਰਕ, ਮਨੁੱਖਾਂ ਦੁਆਰਾ ਨਫਰਤ ਕੀਤੇ ਜਾਣ ਤੋਂ ਬਗੈਰ ਹੋਰ ਕਿਸ ਚੀਜ ਦੀ ਉਮੀਦ ਕਰ ਸਕਦਾ ਹੈ? ਮਨੁੱਖ ਤੁਹਾਨੂੰ ਨਫ਼ਰਤ ਕਰਨਗੇ। ਖੈਰ, ਉਹਨਾਂ ਨੇ ਕਿਹਾ...ਯਿਸੂ ਨੇ ਕਿਹਾ, “ਜੇ ਉਹ ਮੈਨੂੰ ਘਰ ਦਾ ਮਾਲਕ ਆਖਦੇ ਹਨ...ਮੈਂ ਮਾਲਕ ਹਾਂ, ਤੁਹਾਡੇ ਸਾਰਿਆਂ ਤੋਂ ਵੱਡਾ। ਮੈਂ ਉਹ ਹਾਂ ਜੋ ਤੁਹਾਡੇ ਸਭਨਾਂ ਨਾਲੋਂ ਵਧੇਰੇ ਕਰਾਮਾਤਾਂ ਕਰ ਸਕਦਾ ਹਾਂ ਅਤੇ ਪਵਿੱਤਰ ਆਤਮਾ ਨਾਲ ਤੁਹਾਡੇ ਸਾਰਿਆਂ ਨਾਲੋਂ ਵਧੇਰੇ ਕੰਮ ਕਰ ਸਕਦਾ ਹਾਂ, ਕਿਉਂਕਿ ਮੇਰੇ ਵਿਚ ਸੰਪੂਰਣ ਭਰਪੂਰੀ ਹੈ। ਅਤੇ ਜੇ ਉਨ੍ਹਾਂ ਨੇ ਮੈਨੂੰ ‘ਬਆਲਜਬੂਬ’ ਕਿਹਾ, ਤਾਂ ਤੁਹਾਡੇ ਨਾਲ ਕਿੰਨਾ ਵਧਕੇ ਕਰਣਗੇ? ਪਰ,” ਕਿਹਾ, “ਇਹ ਨਾ ਸੋਚਣਾ ਕਿ ਤੁਸੀਂ ਕੀ ਕਹੋਗੇ, ਕਿਉਂਕਿ ਬੋਲਣ ਵਾਲੇ ਤੁਸੀਂ

ਨਹੀਂ ਹੋਵੋਗੇ, ਇਹ ਪਿਤਾ ਹੋਵੇਗਾ ਜਿਹੜਾ ਤੁਹਾਡੇ ਵਿਚ ਵੱਸਦਾ ਹੈ, ਉਹ ਉਸ ਵੇਲੇ ਬੋਲੇਗਾ। ਬੱਸ ਵਚਨ ਨਾਲ ਸਹੀ ਬਣੇ ਰਹੋ।" ਅਤੇ ਉਹ, ਜਦੋਂ ਉਹ ਕਿਤਾਬ ਲਿਖਣ ਲਗਾ, ਉਸਨੇ ਕਿਹਾ, "ਕੋਈ ਵੀ ਆਦਮੀ ਜੋ ਇਸ ਕਿਤਾਬ ਵਿਚੋਂ ਇਕ ਸ਼ਬਦ ਘਟਾਵੇ ਜਾਂ ਇਸ ਵਿਚ ਇਕ ਵੀ ਸ਼ਬਦ ਵਧਾਵੇ, ਉਹੀ ਕੁਝ ਉਸਦੇ ਲਈ, ਜੀਵਨ ਦੀ ਪੁਸਤਕ ਵਿੱਚੋਂ ਬਾਹਰ ਕਢਿਆ ਜਾਵੇਗਾ।" ਪਰਮੇਸ਼ੁਰ ਸਾਨੂੰ ਇਸ ਨਾਲ ਸਹੀ ਰਹਿਣ ਵਿਚ ਸਹਾਇਤਾ ਕਰ!

115 ਹੁਣ ਅਗਲੀ ਆਇਤ, ਹੁਣ ਮੈਨੂੰ ਪੜ੍ਹਨ ਦਿਓ, ਇਸ ਨੂੰ ਛੇਤੀ ਨਾਲ ਪੜ੍ਹੋ।

> *ਪਰ ਮੈਂ ਤੁਹਾਨੂੰ ਚਿਤਾਰਦਾ ਹਾਂ...* (ਇਹ ਹੈ, ਤੁਹਾਨੂੰ ਨਿਰਣਾ ਲੈਣ ਲਈ।) *ਹੇ ਭਰਾਵੋ, ਮੈਂ ਉਸ ਖੁਸ਼ ਖਬਰੀ ਦੇ ਵਿਖੇ ਜਿਹੜੀ ਮੈਂ ਸੁਣਾਈ ਸੀ ਤੁਹਾਨੂੰ ਚਿਤਾਰਦਾ ਹਾਂ, ਭਈ ਉਹ ਇਨਸਾਨ ਦੇ ਅਨੁਸਾਰ ਨਹੀਂ ਹੈ।*

"ਹੁਣ, ਮੈਂ ਨਾ ਤਾਂ ਮੈਥੋਡਿਸਟ, ਬੈਪਟਿਸਟ, ਪ੍ਰੇਸਬੀਟਰਿਅਨ, ਜਾਂ ਪੈਂਟੀਕੋਸਟਲ ਹਾਂ; ਇਹ ਇਨਸਾਨ ਦੇ ਅਨੁਸਾਰ ਨਹੀਂ ਸੀ। ਨਾ ਹੀ..."

> *ਉਹ ਮੈਨੂੰ ਨਾ ਤਾਂ ਇਨਸਾਨ ਕੋਲੋਂ ਮਿਲੀ, ਨਾ ਹੀ ਮੈਂ ਸਿਖਾਇਆ ਗਿਆ,...*

116 "ਮੈਂ ਇਹ ਮਨੁੱਖ ਤੋਂ ਕਦੇ ਨਹੀਂ ਪਾਈ, ਕਿਸੇ ਸੈਮੀਨਰੀ, ਕਿਸੇ ਡਾਕਟਰ, ਕਿਸੇ ਦੇਵਤੇ, ਕਿਸੇ ਸਿੱਖਿਆ ਸਕੂਲ ਤੋਂ ਪ੍ਰਾਪਤ ਨਹੀਂ ਕੀਤਾ। ਮੈਨੂੰ ਇਸ ਤਰ੍ਹਾਂ ਕਦੇ ਨਹੀਂ ਮਿਲਿਆ, ਮੈਂ ਇਸ ਨੂੰ ਕਦੇ ਇਸ ਤਰ੍ਹਾਂ ਨਹੀਂ ਸਿਖਾਇਆ, ਮੈਨੂੰ ਇਹ ਕਦੇ ਇਸ ਤਰ੍ਹਾਂ ਨਹੀਂ ਮਿਲਿਆ, ਇਹ ਮੇਰੇ ਕੋਲ ਕਦੇ ਇਸ ਤਰ੍ਹਾਂ ਨਹੀਂ ਆਇਆ।" ਫਿਰ ਇਹ ਕਿਵੇਂ ਆਇਆ, ਪੌਲੁਸ?

> *...ਸਗੋਂ ਉਹ ਯਿਸੂ ਮਸੀਹ ਦੇ ਪਰਕਾਸ਼ ਦੀ ਰਾਹੀਂ ਮੈਨੂੰ ਪਰਾਪਤ ਹੋਈ।*

117 "ਜਦੋਂ ਮਸੀਹ ਨੇ ਆਪਣੇ ਆਪ ਨੂੰ ਮੇਰੇ ਤੇ ਪ੍ਰਗਟ ਕੀਤਾ, ਕਿ ਉਹ ਪਰਮੇਸ਼ੁਰ ਦਾ ਪੁੱਤਰ ਸੀ, ਜਦੋਂ ਉਸ ਦਿਨ ਅੱਗ ਦਾ ਥੰਮ੍ਹ ਮੇਰੇ ਉੱਤੇ ਆਇਆ, ਮੈਂ ਕਿਹਾ, 'ਤੂੰ ਕੌਣ ਹੈਂ, ਪ੍ਰਭੂ?' ਉਸਨੇ ਕਿਹਾ, 'ਮੈਂ ਯਿਸੂ ਹਾਂ।'"

118 ਹੁਣ, ਮੈਂ ਤੁਹਾਨੂੰ ਦਿਖਾਉਣ ਜਾ ਰਿਹਾ ਹਾਂ—ਉਸ ਨਾਲ ਕੀ ਹੋਇਆ। ਹੁਣ, ਹੁਣੇ ਜੇ ਕਿਸੇ ਸਾਥੀ ਨੂੰ ਤਜਰਬਾ ਹੁੰਦਾ, ਉਹ ਉਸਨੂੰ ਯੂਨਾਨੀ ਸਿੱਖਣ ਲਈ ਦਸ ਸਾਲ ਦੇਣਾ ਚਾਹੁੰਦੇ ਸਨ, ਅਤੇ ਦਸ ਹੋਰ ਸਾਲਾਂ ਲਈ ਕੁਝ ਹੋਰ ਸਿੱਖਣ ਲਈ, ਅਤੇ ਉਸ ਸਮੇਂ ਤੱਕ ਉਹ ਖਤਮ ਹੋ ਜਾਂਦਾ ਹੈ। ਦੇਖੋ।

*...ਉਹ ਮੈਨੂੰ ਨਾ ਤਾਂ ਇਨਸਾਨ ਕੋਲੋਂ ਮਿਲੀ, ਨਾ ਹੀ ਮੈਂ ਸਿਖਾਇਆ ਗਿਆ, ਸਗੋਂ ਉਹ ਯਿਸੂ ਮਸੀਹ ਦੇ ਪਰਕਾਸ਼ ਦੀ ਰਾਹੀਂ ਮੈਨੂੰ ਪਰਾਪਤ ਹੋਈ।*

*ਕਿਉਂ ਜੋ ਯਹੂਦੀਆਂ ਦੇ ਮਤ ਵਿੱਚ ਜਿਹੜਾ ਅੱਗੇ ਮੇਰਾ ਚਲਣ ਸੀ ਸੋ ਤੁਸਾਂ ਉਹ ਦੀ ਖਬਰ ਸੁਣ ਹੀ ਲਈ,...*

119 "ਮੈਂ ਇਕ ਵੱਡਾ ਡਾਕਟਰ ਸੀ, ਲੜਕੇ। ਮੇਰੇ ਕੋਲ ਇਹ ਸੀ।" ਉਸ ਨੂੰ ਗਮਲੀਏਲ ਦੇ ਅਧੀਨ ਸਿਖਾਇਆ ਗਿਆ ਸੀ, ਜਿਹੜਾ ਉਸ ਦੇਸ਼ ਵਿੱਚ ਉਨ੍ਹਾਂ ਕੋਲ ਸਰਵਸ੍ਰੇਸ਼ਠ ਸਿਖਿਅਕ ਸੀ। ਕਿੰਨੇ ਜਾਣਦੇ ਹਨ ਕਿ ਗਮਲੀਏਲ ਇਕ ਮਹਾਨ, ਮਹਾਨ ਸਿਖਿਅਕ ਸੀ? ਹਾਂ, ਸ਼੍ਰੀਮਾਨ। "ਮੇਰਾ ਯਹੂਦੀ ਧਰਮ, ਲੜਕੇ, ਮੈਂ ਇਸ ਨੂੰ ਸਾਰਾ ਜਾਣ ਲਿਆ ਸੀ; ਮੈਂ ਜਾਣਦਾ ਹਾਂ ਕਿ ਰਸੂਲਾਂ ਦੇ ਧਰਮ ਨੂੰ ਅਤੇ ਉਹ ਸਭ ਕੁਝ ਕਿਵੇਂ ਕਰਨਾ ਹੈ, ਤੁਸੀਂ ਵੇਖੋ। ਮੈਂ ਸਵੇਰ ਦੀਆਂ ਸਾਰੀਆਂ ਪ੍ਰਾਰਥਨਾਵਾਂ ਕਿਵੇਂ ਕਰਨੀਆਂ ਹਨ ਅਤੇ ਲੋਕਾਂ ਨੂੰ ਆਸ਼ੀਸ ਕਿਵੇਂ ਦੇਣੀ ਹੈ, ਜਾਣਦਾ ਸੀ।" ਵੇਖਿਆ?

*...ਭਈ ਮੈਂ ਪਰਮੇਸ਼ੁਰ ਦੀ ਕਲੀਸਿਯਾ ਨੂੰ ਹੱਦੋਂ ਬਾਹਰ ਸਤਾਉਂਦਾ ਅਤੇ ਉਹ ਨੂੰ ਬਰਬਾਦ ਕਰਦਾ ਸਾਂ:*

"ਇਹ ਕਿ ਮੈਂ ਪਵਿੱਤਰ ਪਖੰਡੀਆਂ ਦੇ ਝੁੰਡ ਨੂੰ ਰੋਕਣ ਦੀ ਕੋਸ਼ਿਸ਼ ਕੀਤੀ!" ਵੇਖਿਆ? ਵੇਖਿਆ?

*ਮੈਂ ਯਹੂਦੀਆਂ ਦੇ ਮਤ ਵਿੱਚ ਆਪਣੀ ਕੌਮ ਦੇ ਬਾਹਲੇ ਹਾਣੀਆਂ ਨਾਲੋਂ ਸਿਰ ਕੱਢ ਸਾਂ...*

120 "ਮੈਂ ਇੱਕ ਮਹਾਨ ਆਦਮੀ ਸੀ। ਲੜਕੇ, ਮੈਂ ਸਚਮੁੱਚ...ਸਿਰ ਕੱਢ ਸਾਂ, ਮੈਂ ਉਨ੍ਹਾਂ ਨੂੰ ਦਿਖਾਇਆ ਮੈਂ ਉਨ੍ਹਾਂ ਨੂੰ ਭੰਨ ਸਕਦਾ ਹਾਂ, ਕਿਉਂਕਿ ਮੈਂ ਇਸਤੀਫ਼ਾਨ ਨੂੰ ਮਾਰਿਆ ਅਤੇ ਮੈਂ ਹੋਰ ਵੀ ਬਹੁਤ ਸਾਰੇ ਕੰਮ ਕੀਤੇ ਹਨ। ਵੇਖੋ ਮੈਂ ਕਿਵੇਂ ਕੀਤਾ ਹੈ!" ਉਸ ਨੇ ਕਿਵੇਂ ਉਹਨਾਂ ਨੂੰ ਹੱਦ ਤੋਂ ਬਾਹਰ ਸਤਾਇਆ!

*ਮੈਂ ਯਹੂਦੀਆਂ ਦੇ ਮਤ ਵਿੱਚ ਆਪਣੀ ਕੌਮ ਦੇ ਬਾਹਲੇ ਹਾਣੀਆਂ ਨਾਲੋਂ ਸਿਰ ਕੱਢ ਸਾਂ, ਆਪਣਿਆਂ ਵੱਡਿਆਂ ਦੀਆਂ ਰੀਤਾਂ ਲਈ ਡਾਢਾ ਅਣਖੀ ਸੀ।*

121 ਹੁਣ, ਯਾਦ ਰੱਖੋ, ਕਿ ਪਰਮੇਸ਼ੁਰ ਦੇ ਬਚਨ ਨੂੰ ਨਹੀਂ, "ਵੱਡਿਆਂ ਦੀਆਂ ਰੀਤਾਂ", ਦੂਜੇ ਸ਼ਬਦਾਂ ਵਿੱਚ, ਕਲਿਸਿਯਾ ਦੀਆਂ ਰੀਤਾਂ। "ਮੇਰਾ ਖ਼ਿਆਲ ਹੈ ਕਿ ਮੈਂ ਪੱਕਾ ਮੈਥੋਡਿਸਟ ਸੀ, ਮੈਂ ਪੱਕਾ ਬੈਪਟਿਸਟ ਸੀ, ਮੈਂ ਪੱਕਾ ਪੈਂਟੀਕੋਸਟਲ

ਸੀ।” ਔਹ, ਤੁਸੀਂ ਹੋ? ਮੈਂ ਪੱਕਾ ਪਰਮੇਸ਼ੁਰ ਦਾ ਹੋਣਾ ਚਾਹੁੰਦਾ ਹਾਂ। ਹਾਂ, ਇਹ ਹੀ ਹੈ। ਸਮਝੇ? ਠੀਕ ਹੈ।

*...ਵੱਡਿਆਂ ਦੀਆਂ ਰੀਤਾਂ।*

*ਪਰ ਜੱਦੋਂ ਪਰਮੇਸ਼ੁਰ ਨੂੰ ਇਹ ਭਾਇਆ,...*(ਔਹ, ਔਹ, ਪੌਲੁਸ, ਇਥੇ ਤੂੰ ਆਉਂਦਾ ਹੈਂ) *...ਜਦੋਂ ਉਹ ਨੇ ਮੈਨੂੰ ਮੇਰੀ ਮਾਤਾ ਦੀ ਕੁੱਖੋਂ ਹੀ ਵੱਖਰਾ ਕੀਤਾ,* ਜੋ ਮੈਨੂੰ ਇਸ ਜਗਤ ਵਿੱਚ ਲੈ ਕੇ ਆਇਆ, *ਅਤੇ ਆਪਣੀ ਕਿਰਪਾ ਨਾਲ ਸੱਦਿਆ,*

*ਜੋ ਆਪਣੇ ਪੁੱਤ੍ਰ ਨੂੰ ਮੇਰੇ ਵਿੱਚ ਪ੍ਰਗਟ ਕਰੇ,...*

122 ਇਹ ਕਿਵੇਂ ਹੈ? “ਪਵਿੱਤਰ ਆਤਮਾ ਮੇਰੇ ਵਿੱਚ! ਪਰਮੇਸ਼ੁਰ ਨੂੰ ਇਹ ਭਾਇਆ ਜੋ ਮੈਨੂੰ ਲਵੇ, ਜਿਸ ਨੇ ਮੈਨੂੰ ਮੇਰੀ ਮਾਤਾ ਦੀ ਕੁੱਖੋਂ ਹੀ ਵੱਖਰਾ ਕੀਤਾ, ਅਤੇ ਮੈਨੂੰ ਪੁੱਤ੍ਰ ਦਿੱਤਾ, ਜੋ ਆਤਮਾ ਦੇ ਰੂਪ ਵਿੱਚ ਪਵਿੱਤਰ ਆਤਮਾ ਹੈ, ਉਸ ਨੂੰ ਮੇਰੇ ਵਿੱਚ ਪ੍ਰਗਟ ਕਰੇ।” ਔਹ, ਮੇਰੇ! ਵਾਹ! ਮੈਂ—ਮੈਂ—ਮੈਨੂੰ ਯਕੀਨ ਹੈ ਕਿ ਮੈਂ ਥੋੜਾ ਜਿਹਾ ਚਿਲਾਉਣਾ ਚਾਹੁੰਦਾ ਹਾਂ।

123 ਦੇਖੋ, ਮੈਂ ਤੁਹਾਨੂੰ ਦੱਸਦਾ ਹਾਂ, ਭਾਈ। ਜਦੋਂ ਇਹ ਪਰਮੇਸ਼ੁਰ ਨੂੰ ਭਾਇਆ! ਔਹ, ਹਲਲੂਲੂਜਾ! ਜਦੋਂ ਇਹ ਪਰਮੇਸ਼ੁਰ ਨੂੰ ਭਾਇਆ! ਇੱਕ ਸ਼ਰਾਬੀ ਪਿਤਾ। ਇਕ ਮਾਂ...ਪਰਮੇਸ਼ੁਰ ਤੁਹਾਨੂੰ ਅਸੀਸ ਦੇਵੇ, ਮਾਂ, ਮੈਂ ਤੁਹਾਡੇ ਵਿਰੁੱਧ ਕੁਝ ਨਹੀਂ ਕਹਿ ਰਿਹਾ। ਪਰ ਇੱਕ ਮਾਂ ਜਿਹੜੀ ਪਰਮੇਸ਼ੁਰ ਬਾਰੇ ਨਹੀਂ ਜਾਣਦੀ ਹੈ ਜਿਵੇਂ ਇੱਕ ਖਰਗੋਸ਼ ਬਰਫ ਦੀਆਂ ਜੁੱਤੀਆਂ ਬਾਰੇ ਨਹੀਂ ਜਾਣਦਾ। ਅਤੇ ਇੱਕ ਪਿਤਾ ਜਿਹੜਾ ਸਰਾਬੀ ਹੋ ਕੇ ਗਲੀਆਂ ਵਿਚ ਪਿਆ ਰਹਿੰਦਾ ਸੀ। ਅਤੇ ਸਕੂਲ ਜਾਣ ਲਈ ਜੁੱਤੀਆਂ ਵੀ ਨਹੀਂ ਸਨ, ਅਤੇ ਮੇਰੇ ਗਲੇ ਤੱਕ ਲੰਮੇ ਵਾਲ, ਅਤੇ ਹਰ ਕੋਈ ਮੈਨੂੰ ਨਫ਼ਰਤ ਕਰਦਾ ਸੀ ਕਿਉਂਕਿ ਮੈਂ ਇੱਥੇ ਇੰਡੀਆਨਾ ਵਿਚ ਇਕ ਕੇਂਟਕੀਅਨ ਸੀ। ਅਤੇ ਕਿਵੇਂ, ਓਹ, ਇਹ ਸਿਰਫ ਬਦਬੂਦਾਰ ਦ੍ਰਿਸ਼ ਸੀ। ਪਰ ਪਰਮੇਸ਼ੁਰ ਨੂੰ ਇਹ ਭਾਇਆ! ਆਮੀਨ! ਜਦੋਂ ਉਹ ਦੀ, ਜਿਨ ਮੈਨੂੰ ਮੇਰੀ ਮਾਤਾ ਦੀ ਕੁੱਖੋਂ ਹੀ ਵੱਖਰਾ ਕੀਤਾ ਅਤੇ ਆਪਣੀ ਕਿਰਪਾ ਨਾਲ ਸੱਦਿਆ ਇਹ ਭਾਉਣੀ ਹੋਈ, ਜੋ ਆਪਣੇ ਪੁੱਤ੍ਰ ਨੂੰ ਮੇਰੇ ਵਿੱਚ ਪਰਕਾਸ਼ ਕਰੇ, ਵਚਨ ਦਾ ਇੱਕ ਸੇਵਕ ਬਣਾ ਕੇ, ਜੋ ਇਸ ਦੇ ਨਾਲ ਸਿੱਧਾ ਰਹੇਗਾ, ਉਹ ਦਰਸ਼ਨ ਅਤੇ ਚਿੰਨ੍ਹ ਅਤੇ ਕ੍ਰਿਸ਼ਮੇ ਅਤੇ ਕਰਾਮਾਤਾਂ ਦਿਖਾਏਗਾ। ਅਤੇ, ਔਹ, ਮੇਰੇ!

124 ਵੇਖੋ ਉਹ ਕਿਸ ਬਾਰੇ ਗੱਲ ਕਰ ਰਿਹਾ ਸੀ? ਇਹ ਪਰਮੇਸ਼ੁਰ ਨੂੰ ਭਾਇਆ ਕਿ ਇਸ ਨੂੰ ਕਰੇ! ਕਿਵੇਂ? ਧਿਆਨ ਨਾਲ ਸੁਣੋ। “ਲਈ-...” ਹੁਣ 16ਵੀਂ ਆਇਤ ਲਓ।

*ਜੋ ਆਪਣੇ ਪੁੱਤ੍ਰ ਨੂੰ ਮੇਰੇ ਵਿੱਚ ਪਰਕਾਸ਼ ਕਰੇ, ਭਈ ਮੈਂ ਉਹ ਦੀ ਖੁਸ਼ ਖਬਰੀ ਪਰਾਈਆਂ ਕੌਮਾਂ ਵਿੱਚ ਸੁਣਾਵਾਂ; ਤਦੋਂ ਹੀ ਮੈਂ* ਕਲੀਸਿਯਾ *ਦੀ ਸਲਾਹ ਨਾ ਪੁੱਛੀ:*

125 "ਮੈਂ ਕਦੇ ਕਿਸੇ ਬਿਸ਼ਪ ਕੋਲ ਨਹੀਂ ਗਿਆ ਅਤੇ ਉਸ ਨੂੰ ਪੁੱਛਿਆ ਕਿ ਮੈਨੂੰ ਕੀ ਕਰਨਾ ਚਾਹੀਦਾ ਹੈ। ਮੈਂ ਕਦੇ ਕਿਸੇ ਮਾਸ ਅਤੇ ਲਹੂ, ਕਿਸੇ ਵੀ ਸੰਗਠਨ ਜਾਂ ਹੋਰ ਕਿਸੇ ਕੋਲ ਨਹੀਂ ਗਿਆ। ਮੇਰਾ ਉਨ੍ਹਾਂ ਨਾਲ ਕਦੇ ਕੋਈ ਲੈਣਾ ਦੇਣਾ ਨਹੀਂ ਸੀ। ਮੈਂ ਕਦੇ ਵੀ ਮਾਸ ਅਤੇ ਲਹੂ ਤੋਂ ਸਲਾਹ ਨਾ ਪੁੱਛੀ। ਅਤੇ ਨਾ ਹੀ ਮੈਂ ਯਰੂਸ਼ਲਮ ਵਿੱਚ ਸਾਰੇ ਮਹਾਨ ਪਵਿੱਤਰ ਜਾਜਕਾਂ ਅਤੇ ਪਵਿੱਤਰ ਪੁਰਖਾਂ, ਅਤੇ ਉਨ੍ਹਾਂ ਸਾਰਿਆਂ ਕੋਲ ਗਿਆ, ਅਤੇ ਕਿਹਾ, 'ਹੁਣ, ਤੁਸੀਂ ਜਾਣਦੇ ਹੋ, ਮੈਂ ਇੱਕ ਦਰਸ਼ਣ ਵੇਖਿਆ, ਮੈਨੂੰ ਇਸ ਬਾਰੇ ਕੀ ਕਰਨਾ ਚਾਹੀਦਾ ਹੈ? ਮੈਂ ਪ੍ਰਭੂ ਯਿਸੂ ਨੂੰ ਇੱਕ ਦਰਸ਼ਣ ਵਿੱਚ ਵੇਖਿਆ।' ਉਨ੍ਹਾਂ ਨੇ ਕਿਹਾ, 'ਤੂੰ, ਇਥੋਂ ਦਫ਼ਾ ਹੋ ਜਾ! ਕੀ ਹੈ...ਪਵਿੱਤਰ ਪਖੰਡੀ! ਅੱਛਾ, ਤੈਨੂੰ ਕੀ ਹੋਇਆ ਹੈ?' ਨਹੀਂ, ਮੇਰੇ ਕੋਲ ਸੁਰੂਆਤ ਤੋਂ ਹੀ ਉਨ੍ਹਾਂ ਦੀਆਂ ਸਾਰੀਆਂ ਡਿਗਰੀਆਂ ਸਨ। ਸਨ..."

126 ਅਤੇ ਪੌਲੁਸ ਨੇ ਇਥੇ ਕਿਹਾ, ਮੈਂ ਤੁਹਾਨੂੰ ਵਚਨ ਵਿੱਚ ਦਿਖਾ ਸਕਦਾ ਹਾਂ, ਕਿ ਉਸਨੇ ਕਿਹਾ ਕਿ ਉਸਨੂੰ ਉਹ ਸਭ ਕੁਝ ਭੁੱਲਣਾ ਪਿਆ ਹੈ ਜੋ ਉਸਨੇ ਕਦੇ ਸਿੱਖਿਆ ਸੀ, ਅਤੇ ਉਸਨੂੰ ਅਕਾਰਥ ਗਿਣਦਾ ਸੀ, ਤਾਂ ਜੋ ਉਹ ਮਸੀਹ ਨੂੰ ਜਾਣ ਸਕੇ। ਓਹ!

*ਨਾ ਯਰੂਸ਼ਲਮ ਨੂੰ ਓਹਨਾਂ ਕੋਲ ਗਿਆ ਜਿਹੜੇ ਮੈਥੋਂ ਪਹਿਲਾਂ ਰਸੂਲ ਬਣੇ ਸਨ; ਸਗੋਂ ਮੈਂ ਅਰਬ ਨੂੰ ਚੱਲਿਆ ਗਿਆ, ਅਤੇ ਫੇਰ ਦੰਮਿਸਕ ਨੂੰ ਮੁੜ ਆਇਆ।*

*ਅਤੇ ਤੱਦ ਤਿੰਨਾਂ ਵਰਿਹਾਂ ਦੇ ਪਿੱਛੋਂ ਪਤਰਸ ਨੂੰ ਮਿਲਣ ਲਈ ਮੈਂ ਯਰੂਸ਼ਲਮ ਨੂੰ ਗਿਆ, ਅਤੇ ਉਹ ਦੇ ਕੋਲ ਪੰਦਰਾਂ ਦਿਨ ਰਿਹਾ।*

127 ਅਤੇ ਜਿਵੇਂ ਅਸੀਂ ਅੱਗੇ ਪੜ੍ਹਦੇ ਹਾਂ, ਸਾਨੂੰ ਪਤਾ ਚਲਦਾ ਹੈ ਕਿ ਉਸਨੇ ਅਤੇ ਪਤਰਸ ਰਸੂਲ ਨੇ ਜ਼ਿੰਦਗੀ ਵਿੱਚ ਕਦੇ ਇੱਕ ਦੂਜੇ ਨੂੰ ਨਹੀਂ ਵੇਖਿਆ, ਕਦੇ ਇੱਕ ਦੂਜੇ ਨੂੰ ਨਹੀਂ ਜਾਣਦੇ ਸਨ, ਇੱਕ ਦੂਜੇ ਨੂੰ ਕਦੇ ਨਹੀਂ ਵੇਖਿਆ ਸੀ, ਪਰ ਜਦੋਂ ਉਹ ਇਕੱਠੇ ਹੋਏ ਤਾਂ ਉਹ ਇੱਕੋ ਇੰਜੀਲ ਦਾ ਪ੍ਰਚਾਰ ਕਰ ਰਹੇ ਸਨ। ਪਰਮੇਸ਼ੁਰ ਕੋਲ ਇੱਕ ਸਕੂਲ ਹੈ। ਵੇਖਿਆ? ਹਾਂ!

128 ਇੱਥੇ ਪਤਰਸ ਸੀ, ਜੋ ਪੰਤੇਕੁਸਤ ਦੇ ਦਿਨ ਉਠ ਖਲੋਤਾ, ਉਸਨੇ ਕਿਹਾ, "ਤੋਬਾ ਕਰੋ, ਤੁਹਾਡੇ ਵਿੱਚੋਂ ਹਰ ਇੱਕ, ਆਪੋ ਆਪਣੇ ਪਾਪਾਂ ਦੀ ਮਾਫ਼ੀ ਲਈ, ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲਵੇ, ਤਾਂ ਪਵਿੱਤਰ ਆਤਮਾ ਦਾ ਦਾਨ ਪਾਓਗੇ।"

129 ਫਿਲਿਪੁਸ ਨੇ ਕਿਹਾ, “ਔਹ, ਇਹ ਕਿੰਨਾ ਮਹਿਮਾਮਈ ਹੈ! ਮੈਂ ਵੀ ਕੁਝ ਕਰਨਾ ਹੈ। ਹੇਠਾਂ...ਮੈਨੂੰ ਸਾਮਰਿਯਾ ਤੋਂ ਇੱਕ ਬੁਲਾਵਾ ਆਇਆ ਹੈ।” ਉਥੇ ਚਲਾ ਗਿਆ ਅਤੇ ਗਲੀਆਂ ਵਿਚ ਗਵਾਹੀ ਦੇਣ ਲਗਾ। ਸਭ ਤੋਂ ਪਹਿਲਾਂ, ਇਕ ਬਿਮਾਰ ਵਿਅਕਤੀ ਆਉਂਦਾ ਹੈ, ਉਸ ਉੱਤੇ ਹੱਥ ਰੱਖਦਾ ਹੈ, ਅਤੇ ਕੁੱਦਣ ਅਤੇ ਛਾਲਾਂ ਮਾਰਨ ਲਗ ਪੈਂਦਾ ਹੈ। ਕਿਹਾ, “ਪਰਮੇਸ਼ੁਰ ਦੀ ਮਹਿਮਾ ਹੋਵੇ, ਅਸੀਂ ਇੱਥੇ ਹਾਂ!” ਵਡੀਆਂ ਸਭਾਵਾਂ ਦੀ ਸ਼ੁਰੂਆਤ ਕੀਤੀ। ਉਸਨੇ ਕਿਹਾ, “ਤੁਹਾਨੂੰ ਸਾਰਿਆਂ ਨੂੰ ਪਵਿੱਤਰ ਆਤਮਾ ਦੀ ਜਰੂਰਤ ਹੈ।” ਉਸ ਨੇ ਕਿਹਾ, “ਤੁਸੀਂ ਕੀ ਕਰਨਾ ਹੈ, ਤੁਹਾਨੂੰ ਯਿਸੂ ਦੇ ਨਾਮ ਵਿਚ ਬਪਤਿਸਮਾ ਲੈਣਾ ਪਵੇਗਾ।” ਇਸ ਲਈ ਉਸਨੇ ਉਨ੍ਹਾਂ ਨੂੰ, ਹਰੇਕ ਨੂੰ, ਬਾਹਰ ਲੈ ਗਿਆ ਅਤੇ ਉਨ੍ਹਾਂ ਸਾਰਿਆਂ ਨੂੰ ਯਿਸੂ ਦੇ ਨਾਮ ਵਿੱਚ ਬਪਤਿਸਮਾ ਦਿੱਤਾ। ਕਿਹਾ, “ਪਤਰਸ, ਆ, ਹੁਣ ਉਨ੍ਹਾਂ ਉੱਤੇ ਆਪਣੇ ਹੱਥ ਰੱਖ।” ਅਤੇ ਉਨ੍ਹਾਂ ਨੂੰ ਪਵਿੱਤਰ ਆਤਮਾ ਮਿਲਿਆ।

ਉਸੇ ਤਰ੍ਹਾਂ, ਪਤਰਸ, ਕੁਰਨੇਲੀਅਸ ਦੇ ਘਰ।

130 ਪੌਲੁਸ ਨੇ ਉਸਨੂੰ ਕਦੇ ਨਹੀਂ ਵੇਖਿਆ ਸੀ ਅਤੇ ਨਾ ਹੀ ਉਸਦੇ ਬਾਰੇ ਕੁਝ ਸੁਣਿਆ ਸੀ। ਪਰ ਉਹ ਅਫ਼ਸੁਸ ਦੇ ਉੱਪਰਲੇ ਹਿੱਸੇ ਵਿੱਚੋਂ ਦੀ ਲੰਘਿਆ, ਅਤੇ ਉਸਨੂੰ ਕੁਝ ਚੇਲੇ ਮਿਲੇ। ਉਸਨੂੰ ਇੱਕ ਬੈਪਟਿਸਟ ਪ੍ਰਚਾਰਕ ਮਿਲਿਆ, ਉਹ ਸੀ, ਅਪੁੱਲੋਸ, ਇੱਕ ਬਦਲਿਆ ਹੋਇਆ ਵਕੀਲ, ਚੁਸਤ, ਹੁਸ਼ਿਆਰ, ਪੁਰਾਣੇ ਨੇਮ ਨੂੰ ਲੈ ਕੇ ਅਤੇ ਇਹ ਸਾਬਤ ਕਰਦਾ ਹੈ ਕਿ ਯਿਸੂ ਪਰਮੇਸ਼ੁਰ ਦਾ ਪੁੱਤਰ ਸੀ। ਹਾਂ, ਸ਼੍ਰੀ ਮਾਨ, ਉਹ ਇਕ ਹੁਸ਼ਿਆਰ ਆਦਮੀ ਸੀ। ਉਹ ਚਿਲਾ ਰਹੇ ਸਨ, ਉਹ ਅਨੰਦ ਮਨਾ ਰਹੇ ਸਨ। ਬਾਈਬਲ ਨੇ ਇਹ ਕਿਹਾ ਹੈ। ਰਸੂਲਾਂ ਦੇ ਕਰੱਤਬ ਦਾ 18ਵਾਂ ਅਤੇ 19ਵਾਂ ਅਧਿਆਇ ਪੜ੍ਹੋ ਅਤੇ ਵੇਖੋ ਕਿ ਇਹ ਸਹੀ ਹੈ ਕਿ ਨਹੀਂ। ਉਹ ਅਨੰਦ ਮਨਾ ਰਹੇ ਸਨ, ਉਹ ਆਤਮਾ ਵਿੱਚ ਨੱਚ ਰਹੇ ਸਨ, ਅਤੇ ਚੁਫੇਰੇ ਦੋੜ ਰਹੇ ਸਨ, ਤੁਸੀਂ ਜਾਣਦੇ ਹੋ। ਪੌਲੁਸ ਨੇ ਕਿਹਾ, “ਪਰ ਜਦੋਂ ਤੋਂ ਤੁਸੀਂ ਵਿਸ਼ਵਾਸ ਕੀਤਾ ਕੀ ਤੁਹਾਨੂੰ ਪਵਿੱਤਰ ਆਤਮਾ ਮਿਲਿਆ?”

131 ਅਤੇ ਤੁਸੀਂ ਬੈਪਟਿਸਟ ਭਾਈ ਜੋ ਲੋਕਾਂ ਦੇ ਗਲੇ ਹੇਠ ਧੱਕਣ ਦੀ ਕੋਸ਼ਿਸ਼ ਕਰਦੇ ਹੋ, ਅਤੇ ਅਸਲ ਯੂਨਾਨੀ ਵਿਚ ਲਿਖਿਆ ਹੈ, “ਕੀ ਤੁਹਾਨੂੰ ਪਵਿੱਤਰ ਆਤਮਾ ਮਿਲਿਆ ਹੈ ਉਦੋਂ ਤੋਂ ਜਾਂ *ਜਦੋਂ* ਤੁਸੀਂ ਵਿਸ਼ਵਾਸ ਕੀਤਾ?” ਮੈਂ ਤੁਹਾਨੂੰ ਚੁਣੌਤੀ ਦਿੰਦਾ ਹਾਂ ਕਿ ਮੇਰੇ ਕੋਲ ਯੂਨਾਨੀ ਲਿਆਓ! ਮੇਰੇ ਕੋਲ ਆਪਣੇ ਕੋਲ ਅਸਲ ਯੂਨਾਨੀ ਹੈ। ਮੇਰੇ ਕੋਲ ਅਰਾਮੀ, ਅਤੇ ਇਬਰਾਨੀ, ਵੀ ਹੈ। ਉਨ੍ਹਾਂ ਵਿਚੋਂ ਹਰੇਕ ਕਹਿੰਦੀ ਹੈ, “ਕੀ ਤੁਹਾਨੂੰ ਪਵਿੱਤਰ ਆਤਮਾ ਮਿਲਿਆ ਹੈ *ਜਦੋਂ ਤੋਂ* ਤੁਸੀਂ ਵਿਸ਼ਵਾਸ ਕੀਤਾ?”

132 "ਵਿਸ਼ਵਾਸ ਨਾਲ ਤੁਸੀਂ ਤੁਸੀਂ ਬਚਾਏ ਗਏ ਹੋ," ਇਹ ਹੀ ਪਰਮੇਸ਼ੁਰ ਵਿੱਚ ਤੁਹਾਡਾ ਵਿਸ਼ਵਾਸ ਹੈ। ਲਹੂ ਤੁਹਾਨੂੰ ਪਾਪ ਤੋਂ ਸ਼ੁੱਧ ਰੱਖਦਾ ਹੈ, ਕਿਉਂਕਿ ਇਹ ਕੁਰਬਾਨੀ ਦਿੰਦਾ ਹੈ। ਲਹੂ ਤੁਹਾਨੂੰ ਬਚਾਉਂਦਾ ਨਹੀਂ, ਲਹੂ ਤੁਹਾਨੂੰ ਸਾਫ ਰੱਖਦਾ ਹੈ। ਤੁਸੀਂ ਕਿਵੇਂ ਕਹਿੰਦੇ ਹੋ ਕਿ ਤੁਸੀਂ ਬਚਾਏ ਗਏ ਹੋ? "ਨਿਹਚਾ ਨਾਲ ਤੁਸੀਂ ਬਚਾਏ ਗਏ ਹੋ," ਅਤੇ ਇਹ ਪਰਮੇਸ਼ੁਰ ਦੇ ਪੂਰਵਗਿਆਨ ਦੁਆਰਾ, ਤੁਹਾਨੂੰ ਬੁਲਾ ਰਿਹਾ ਹੈ। ਤੁਸੀਂ ਬਚਾਏ ਗਏ ਹੋ, ਅਤੇ ਲਹੂ ਪ੍ਰਾਸਚਿਤ ਕਰਦਾ ਹੈ, ਨਿਰੰਤਰ ਤੁਹਾਨੂੰ ਸਾਫ ਰੱਖਦਾ ਹੈ। ਅਤੇ ਫਿਰ ਇੱਕ ਆਤਮਾ ਦੁਆਰਾ ਤੁਸੀਂ ਪਵਿੱਤਰ ਆਤਮਾ ਵਿੱਚ, ਵਿਸ਼ਵਾਸੀਆਂ ਦੀ ਸੰਗਤ ਵਿੱਚ ਬਪਤਿਸਮਾ ਲਿਆ ਹੈ, ਅਤੇ ਪਵਿੱਤਰ ਆਤਮਾ ਦੀ ਸੰਗਤ ਵਿੱਚ, ਤਾਂ ਜੋ ਪਵਿੱਤਰ ਆਤਮਾ ਦੀ ਅਗਵਾਈ ਵਿੱਚ, ਚਿਨ੍ਹ, ਅਤੇ ਅਚਰਜ ਕੰਮ ਕਰੋ।

133 ਰੁਕੋ, ਇਹ ਆਉਂਦਾ ਜਾ ਰਿਹਾ ਹੈ, ਕਿਸੇ ਚੀਜ਼ ਲਈ ਰੁਕਿਆ ਹੋਇਆ ਹਾਂ, ਬਸ ਥੋੜਾ ਜਿਹਾ ਹੋਰ ਫਿਰ ਇਹ ਸਾਨੂੰ ਮਿਲ ਜਾਵੇਗਾ, ਉਮੀਦ ਹੈ ਅਸੀਂ ਕਿਸੇ ਵੀ ਤਰ੍ਹਾਂ ਕਰ ਲਵਾਂਗੇ। ਮੈਂ ਤੁਹਾਨੂੰ ਕਿਹਾ ਇਸ ਸਮੇਂ ਮੈਨੂੰ ਦੱਸ ਦੇਣਾ, ਕੀ ਇਹ ਨਹੀਂ ਸੀ? ਬੱਸ ਅਜਿਹਾ ਹੋਇਆ ਜੋ ਮੈਂ ਇਸ ਵੱਲ ਵੇਖਿਆ। ਸਿਰਫ ਇੱਕ—ਸਿਰਫ ਇੱਕ ਜਾਂ ਦੋ ਵਚਨ ਹੋਰ। ਬੱਸ ਇੱਕ...ਇਹ ਹੈ—ਇਹ ਥੋੜਾ ਜਿਹਾ ਹੋਰ ਹੈ।

134 ਇਹ ਮੁਕਤੀ ਕਿੰਨੀ ਦੇਰ ਲਈ, ਕਿੰਨੀ ਦੇਰ ਲਈ ਹੈ? ਇਹ ਕਿਸ ਕਿਸਮ ਦੀ ਮੁਕਤੀ ਹੈ? ਕਲੀਸਿਯਾ ਤੋਂ ਕਲੀਸਿਯਾ ਤੱਕ? ਆਓ...ਇਬਰਾਨੀਆਂ 9:11 ਤੇ ਚਲੋ, ਸਿਰਫ ਇੱਕ ਮਿੰਟ, ਸਿਰਫ—ਸਿਰਫ ਕੁਝ ਮਿੰਟਾਂ ਲਈ, ਵੇਖਣ ਲਈ। ਇਬਰਾਨੀਆਂ ਦੀ ਕਿਤਾਬ ਵੱਲ ਮੁੜੋ ਅਤੇ ਆਓ—ਆਓ ਜਾਣੀਏ ਕਿ ਇਹ ਮੁਕਤੀ ਕਿੰਨੇ ਚਿਰ ਤਕ ਰਹਿੰਦੀ ਹੈ। ਵੇਖੋ ਇਹ ਕਿਸ ਕਿਸਮ ਦੀ ਮੁਕਤੀ ਹੈ। ਚਲੋ ਹੁਣ ਇਬਰਾਨੀਆਂ ਨੂੰ 9:11 ਪੜ੍ਹਦੇ ਹਾਂ।

> *ਪਰ ਜਾਂ ਮਸੀਹ ਆਉਣ ਵਾਲੀਆਂ ਉੱਤਮ ਵਸਤਾਂ ਦਾ ਪਰਧਾਨ ਜਾਜਕ ਹੋ ਕੇ ਆਇਆ, ਤਾਂ ਪਹਿਲੇ ਨਾਲੋਂ ਉਸ ਵੱਡੇ ਅਤੇ ਪੂਰਨ ਡੇਹਰੇ ਦੇ ਰਾਹੀਂ, ਜੋ ਹੱਥਾਂ ਦਾ ਬਣਾਇਆ ਹੋਇਆ ਨਹੀਂ,...* (ਹੁਣ ਇਹ ਪੌਲੁਸ ਹੈ, ਉਹੀ ਸਿਖਿਅਕ, ਵੇਖੋ)...*ਅਰਥਾਤ ਇਸ ਸਰਿਸ਼ਟੀ ਦਾ ਨਹੀਂ ਹੈ;*

> *ਉਹ ਬੱਕਰਿਆਂ ਜਾਂ ਵੱਛਿਆਂ ਦੇ ਲਹੂ ਦੇ ਰਾਹੀਂ ਨਹੀਂ, ਸਗੋਂ ਆਪਣੇ ਹੀ ਲਹੂ ਦੇ ਰਾਹੀਂ ਪਵਿੱਤਰ ਅਸਥਾਨਾਂ ਦੇ ਅੰਦਰ ਸਦੀਪਕ ਨਿਸਤਾਰਾ ਕਮਾ ਕੇ ਇੱਕੋ ਵਾਰ* (ਕਿੰਨੇ ਵਾਰ? ਇੱਕੋ ਵਾਰ!) *ਅੰਦਰ ਗਿਆ, ਪਰ ਸਾਡੇ ਲਈ...*(ਇੱਕ ਹਫਤੇ ਦਾ ਨਿਸਤਾਰਾ, ਅਗਲੇ

ਹਫਤੇ ਤੱਕ ਦਾ ਨਿਸਤਾਰਾ? ਕਿਸ ਕਿਸਮ ਦਾ?)...*ਸਦੀਪਕ ਨਿਸਤਾਰਾ ਕਮਾ ਕੇ।*

135 "ਸਦੀਪਕ" ਸ਼ਬਦ ਦਾ ਕੀ ਅਰਥ ਹੈ? ਮਸੀਹ ਵਿੱਚ, ਮੇਰੇ ਵਿਸ਼ਵਾਸ ਕਰਨ ਤੋਂ ਬਾਅਦ...ਕੋਈ ਵੀ ਮਨੁੱਖ ਪਵਿੱਤਰ ਆਤਮਾ ਤੋਂ ਬਗੈਰ ਯਿਸੂ ਨੂੰ, "ਮਸੀਹ," ਨਹੀਂ ਕਹਿ ਸਕਦਾ। ਇਸ ਲਈ ਇੱਥੇ ਤਿੰਨ ਵਰਗਾਂ ਦੇ ਲੋਕ ਹਨ: ਅਵਿਸ਼ਵਾਸੀ, ਢੋਂਗੀ-ਵਿਸ਼ਵਾਸੀ, ਅਤੇ ਵਿਸ਼ਵਾਸੀ। ਪਰ ਉਹ ਜਿਹੜੇ ਸਦੀਪਕ ਜੀਵਨ ਲਈ ਵਿਸ਼ਵਾਸ ਕਰਦੇ ਹਨ, ਉਹ ਵੇਹੜੇ ਵਿੱਚ ਆ ਗਏ ਹਨ।

136 ਪੁਰਾਣੇ ਤੰਬੂ ਨੂੰ ਲਓ, ਉਨ੍ਹਾਂ ਨੇ ਸਭ ਤੋਂ ਪਹਿਲਾਂ ਕੀ ਕੀਤਾ? ਵਿਹੜੇ ਵਿੱਚ ਪਰਾਈਆਂ ਕੌਮਾਂ ਨੇ ਪ੍ਰਵੇਸ਼ ਕੀਤਾ। ਉਸ ਤੋਂ ਅੱਗੇ ਪਿੱਤਲ ਦੀ ਜਗਵੇਦੀ ਸੀ, ਜਿਥੇ ਉਹ ਸੋਨੇ ਦੀ ਚੌਂਕੀ ਉੱਤੇ ਬਲੀ ਨੂੰ ਧੋਂਦੇ ਸਨ। ਉਸ ਤੋਂ ਬਾਅਦ ਬਲੀ ਦੀ ਹੱਤਿਆ, ਅਤੇ ਜਗਵੇਦੀ ਉੱਤੇ ਲਹੂ ਛਿੜਕਿਆ ਜਾਂਦਾ ਸੀ। ਫਿਰ, ਸਾਲ ਵਿਚ ਇਕ ਵਾਰ, ਮਸਹ ਕੀਤਾ ਹੋਇਆ ਹਾਰੂਨ, ਔਹ, (ਕਿਸ ਨਾਲ?) ਸ਼ਾਰੋਨ ਦੇ ਗੁਲਾਬ ਦੇ ਅਤਰ ਨਾਲ, ਉਸ ਕੀਮਤੀ ਤੇਲ ਦੇ ਨਾਲ ਜਿਸ ਵਿੱਚ ਅਤਰ ਹੁੰਦਾ ਸੀ, ਉਹ ਇਸ ਨੂੰ ਉਸ ਉਸਦੇ ਸਿਰ ਤੇ ਡੋਲ੍ਹ ਦਿੰਦੇ ਸਨ, ਇਹ ਸਿੱਧਾ ਉਸ ਦੇ ਚੋਗੇ ਦੇ ਕਿਨਾਰਿਆਂ ਤਕ ਚਲਾ ਜਾਂਦਾ ਸੀ। ਵੇਖੋ ਕਿ ਕਿਵੇਂ ਇਸ ਆਦਮੀ ਨੂੰ ਉਨ੍ਹਾਂ ਪਰਦਿਆਂ ਦੇ ਪਿੱਛੇ ਜਾਣਾ ਪੈਂਦਾ ਸੀ, ਸਾਲ ਵਿਚ ਇਕ ਵਾਰ, ਉਸ ਦੇ ਹੱਥ ਵਿੱਚ ਕਿਰਪਾ ਦੇ ਸਿੰਘਾਸਣ ਲਈ ਲਹੂ ਨੂੰ ਲੈ ਕੇ। ਅਤੇ ਇੱਕ ਸਾਲ ਆਪਣਾ ਢਾਂਗਾ ਅੰਦਰ ਲੈ ਗਿਆ ਅਤੇ ਇਸਨੂੰ ਭੁੱਲ ਆਇਆ। ਜਦੋਂ ਉਹ ਇਸ ਦੇ ਲਈ ਅੰਦਰ ਗਏ, ਤਾਂ ਉਸ ਨੂੰ ਕੂਮਲੀਆਂ ਨਿੱਕਲੀਆਂ ਹੋਈਆਂ ਸਨ ਅਤੇ ਫੁੱਲ ਨਿੱਕਲੇ ਹੋਏ ਸਨ। ਇੱਕ ਪੁਰਾਣਾ ਢਾਂਗਾ ਜੋ ਉਸਨੇ ਸ਼ਾਇਦ ਉਜਾੜ ਵਿੱਚ ਚਾਲੀ ਸਾਲਾਂ ਲਈ ਨਾਲ ਰੱਖਿਆ ਸੀ, ਉਸ ਪਵਿੱਤਰ ਅਸਥਾਨ ਤੇ ਰੱਖਿਆ! ਵੇਖੋ, ਜਦ ਉਹ ਨੇਮ ਦਾ ਲਹੂ ਲੈ ਗਏ, ਲਹੂ, ਉਹ ਮਸਹ ਕੀਤਾ ਗਿਆ ਸੀ। ਉਹ ਅਜਿਹੇ ਕਪੜੇ ਪਹਿਨੇ ਹੋਏ ਸੀ ਜਿਸ ਵਿੱਚ ਛੋਟੀਆਂ ਛੋਟੀਆਂ ਘੰਟੀਆਂ ਸਨ, ਇੱਕ ਅਨਾਰ ਅਤੇ ਇੱਕ ਘੰਟੀ। ਅਤੇ ਉਸ ਆਦਮੀ ਨੂੰ ਇਸ ਤਰੀਕੇ ਨਾਲ ਤੁਰਨਾ ਪੈਂਦਾ ਸੀ ਕਿ ਹਰ ਵਾਰ ਜਦੋਂ ਉਹ ਆਪਣੀ ਲੱਤ ਹਿਲਾਉਂਦਾ ਸੀ, ਅਤੇ *ਇਸ* ਤਰ੍ਹਾਂ ਚਲਦਾ ਸੀ ਅਤੇ ਆਪਣਾ ਕਦਮ ਰੱਖਦਾ ਸੀ, ਉਹ ਗਾਉਂਦੇ "ਪਵਿੱਤਰ, ਪਵਿੱਤਰ, ਪਵਿੱਤਰ, ਯਹੋਵਾਹ ਦੇ ਲਈ। ਪਵਿੱਤਰ, ਪਵਿੱਤਰ, ਪਵਿੱਤਰ, ਯਹੋਵਾਹ ਦੇ ਲਈ। ਪਵਿੱਤਰ, ਪਵਿੱਤਰ, ਪਵਿੱਤਰ, ਯਹੋਵਾਹ ਦੇ ਲਈ।" ਔਹ, ਮੇਰੇ!

137 ਮੈਂ ਕਿਸ ਬਾਰੇ ਗੱਲ ਕਰ ਰਿਹਾ ਹਾਂ? ਇਸ ਨੂੰ ਸੁਣੋ, ਬ੍ਰਨਹਾਮ ਟੇਬਰਨੇਕਲ!

ਤੁਹਾਡੇ ਕੋਲ ਆਪਣਾ ਮੌਕਾ ਸੀ। ਜਦੋਂ ਇੱਕ ਵਾਰ ਪਵਿੱਤਰ ਆਤਮਾ ਨਾਲ ਇੱਕ ਆਦਮੀ ਨੂੰ ਮਸਹ ਕੀਤਾ ਜਾਂਦਾ ਹੈ, ਤਾਂ ਜੋ ਉਸਨੂੰ ਪਰਮੇਸ਼ੁਰ ਦੇ ਪਰਿਵਾਰ ਵਿੱਚ ਗੋਦ ਲਿਆ ਜਾਵੇ, ਪਿਤਾ ਦੁਆਰਾ ਸਥਾਨ ਵਿੱਚ ਰੱਖਿਆ ਜਾਵੇ, ਅਤੇ ਇੱਥੇ ਇੱਕ ਸੇਵਾ ਲਈ ਸਥਾਪਿਤ ਕੀਤਾ ਜਾਵੇ, ਉਸਦੇ ਜੀਵਨ ਦੇ ਉਦੇਸ਼ ਲਈ, ਜਾਂ ਜਿਸ ਲਈ ਪਰਮੇਸ਼ੁਰ ਨੇ ਉਸਨੂੰ ਬੁਲਾਇਆ ਹੈ, ਉਸਦੀ ਚਾਲ ਇਸ ਤਰ੍ਹਾਂ ਹੋਣੀ ਚਾਹੀਦੀ ਹੈ "ਪਵਿੱਤਰ, ਪਵਿੱਤਰ, ਪਵਿੱਤਰ, ਯਹੋਵਾਹ ਦੇ ਲਈ। ਪਵਿੱਤਰ, ਪਵਿੱਤਰ, ਪਵਿੱਤਰ!"

"ਔਹ, ਤੁਹਾਨੂੰ *ਇਸ* ਪਾਸੇ ਮੁੜਨਾ ਹੀ ਪੈਣਾ ਹੈ ਅਤੇ..."

"ਪਵਿੱਤਰ, ਪਵਿੱਤਰ, ਪਵਿੱਤਰ, ਯਹੋਵਾਹ ਦੇ ਲਈ।"

"ਔਹ, ਤੁਹਾਨੂੰ ਉਸ ਸਭ ਉੱਤੇ ਵਿਸ਼ਵਾਸ ਕਰਨਾ ਚਾਹੀਦਾ ਜੋ ਬਜੁਰਗ ਨੇ ਕਿਹਾ ਹੈ, *ਇਹ*।"

138 ਪਰ, "ਪਵਿੱਤਰ, ਪਵਿੱਤਰ, ਪਵਿੱਤਰ, ਯਹੋਵਾਹ ਦੇ ਲਈ।" ਉਸਦਾ ਵਚਨ ਸਭ ਤੋਂ ਪਹਿਲਾਂ ਹੋਣ ਦਿਓ, ਇਹ ਸਭ ਕੁਝ, ਜੋ ਕੁਝ ਵੀ ਹੋਵੇ, ਤੁਹਾਡੇ ਦਿਲ ਵਿੱਚ ਸਥਾਪਿਤ ਹੋ ਜਾਵੇ! ਤੁਹਾਡੀ ਚਾਲ ਵਚਨ ਵਿਚ ਹੋਣੀ ਚਾਹੀਦੀ ਹੈ। "ਪਵਿੱਤਰ, ਪਵਿੱਤਰ, ਪਵਿੱਤਰ, ਯਹੋਵਾਹ ਦੇ ਲਈ।"

139 "ਔਹ, ਜੇ ਤੁਸੀਂ ਬੱਸ ਇਥੇ ਆ ਜਾਵੋ! ਮੈਂ ਤੁਹਾਨੂੰ ਦੱਸਾਂਗਾ ਕਿ ਅਸੀਂ ਕੀ ਕਰਾਂਗੇ, ਅਸੀਂ ਸੰਗਠਿਤ ਕਰਾਂਗੇ, ਤੁਹਾਨੂੰ ਸਾਡੀ ਸੰਸਥਾ ਵਿੱਚ ਪਾਵਾਂਗੇ, ਤੁਸੀਂ ਇੱਕ ਮਹਾਨ ਆਦਮੀ ਹੋਵੋਗੇ।"

140 "ਪਵਿੱਤਰ, ਪਵਿੱਤਰ, ਪਵਿੱਤਰ, ਯਹੋਵਾਹ ਦੇ ਲਈ। ਪਵਿੱਤਰ, ਪਵਿੱਤਰ, ਪਵਿੱਤਰ, ਯਹੋਵਾਹ ਦੇ ਲਈ," ਅੱਗੇ ਵਧਦੇ ਹੋਏ, ਕੋਈ ਫਰਕ ਨਹੀ ਪੈਂਦਾ ਕਿ ਕੋਈ ਕੀ ਕਹਿੰਦਾ ਹੈ, ਇਹਨਾਂ ਟੇਪਾਂ ਨੂੰ ਕੀ ਕਹਿੰਦੇ ਹਨ।

141 "*ਇਹ* ਕਰੋ, *ਇਹ* ਕਰੋ, *ਉਹ* ਕਰੋ, *ਉਹ* ਕਰੋ, ਕੁਝ ਹੋਰ ਕਰੋ।"

142 "ਪਵਿੱਤਰ, ਪਵਿੱਤਰ, ਪਵਿੱਤਰ, ਯਹੋਵਾਹ ਦੇ ਲਈ।" ਤੁਸੀਂ ਆਪਣੀ ਨਜ਼ਰ ਕਲਵਰੀ ਵੱਲ ਲਗਾਈ ਹੋਈ ਹੈ, ਅਤੇ ਤੁਹਾਨੂੰ ਕੁਝ ਵੀ ਰੋਕ ਨਹੀਂ ਸਕਦਾ! ਆਪਣੀ ਜਿੰਦਗੀ ਦੇ ਸਫਰ ਵਿੱਚ, ਤੁਸੀਂ ਮਹਾਰਾਜੇ ਦੇ ਰਾਜਮਾਰਗ ਤੇ ਤੁਰ ਰਹੇ ਹੋ, ਮਸਹ ਕਰਨ ਵਾਲੇ ਬਹੁਮੁੱਲੇ ਤੇਲ ਨਾਲ ਮਸਹ ਕੀਤੇ ਹੋਏ, ਪਰਮ ਪਵਿੱਤਰ ਸਥਾਨ ਵਿੱਚ ਜਾ ਰਹੇ ਹੋ। ਵਾਹ! ਆਮੀਨ। ਠੀਕ ਹੈ।

143 ਪੌਲੁਸ ਨੇ ਕਿਹਾ ਕਿ ਉਸਨੂੰ ਇਹ ਮਨੁੱਖਾਂ ਤੋਂ ਨਹੀਂ ਮਿਲਿਆ। ਹੁਣ ਉਹ ਕੀ ਕਹਿੰਦਾ ਹੈ, ਵਾਪਸ ਗਲਾਤੀਆਂ ਵਿੱਚ ਜਾਂਦੇ ਹਾਂ, ਸਾਡਾ ਪਾਠ? "ਆਪਣੀ ਇੱਛਿਆ ਦੇ ਭੇਤ ਨੂੰ ਸਾਡੇ ਉੱਤੇ ਪਰਗਟ ਕੀਤਾ।" ਉਸਦੀ ਇੱਛਾ ਕੀ ਹੈ?

“ਆਪਣੀ ਇੱਛਿਆ ਦੇ ਭੇਤ ਨੂੰ ਸਾਡੇ ਉੱਤੇ ਪਰਗਟ ਕੀਤਾ।” ਤੁਸੀਂ ਜਿਹੜੇ ਨੋਟ ਕਰ ਰਹੇ ਹੋ, 9ਵੀਂ ਆਇਤ ਹੈ। ਹੁਣ ਮੈਂ ਜਲਦੀ ਜਲਦੀ ਜਾਵਾਂਗਾ ਅਤੇ ਇਸ ਨੂੰ ਸਮਾਪਤ ਕਰਾਂਗਾ, ਕਿਉਂਕਿ ਅਸੀਂ ਦੇਰ ਨਾਲ ਚੱਲ ਰਹੇ ਹਾਂ।

144 ਔਹ, ਹਰ ਇਕ ਸ਼ਬਦ ਇਕ ਅਜਿਹਾ ਹੁੰਦਾ ਹੈ...?...ਔਹ, ਹਰ ਇਕ ਸ਼ਬਦ ਇਕ ਅਨਮੋਲ ਰਤਨ ਹੈ। ਤੁਸੀਂ ਬੱਸ ਇਸ ਨੂੰ ਲੈ ਸਕਦੇ ਹੋ ਅਤੇ ਬੱਸ ਇਸਨੂੰ ਲਗਾਤਾਰ ਪਾਲਿਸ਼ ਕਰ ਸਕਦੇ ਹੋ। ਤੁਸੀਂ ਖੋਦ ਸਕਦੇ ਹੋ, ਮੈਂ ਕਰ ਸਕਦਾ ਹਾਂ...ਤੁਸੀਂ ਉਨ੍ਹਾਂ ਵਿਚੋਂ ਇਕ ਸ਼ਬਦ ਨੂੰ ਲੈ ਸਕਦੇ ਹੋ, ਇਸ ਨੂੰ ਉਤਪਤ ਵਿੱਚ ਲੈ ਜਾਓ ਅਤੇ ਇਸ ਨੂੰ ਪਾਲਿਸ਼ ਕਰੋ, ਇਸ ਨੂੰ ਕੂਚ ਵਿਚ ਲੈ ਜਾਓ ਅਤੇ ਇਸ ਨੂੰ ਦੁਬਾਰਾ ਪਾਲਿਸ਼ ਕਰੋ, ਤੁਸੀਂ ਇਸ ਨੂੰ ਲੇਵੀਆਂ ਵਿਚ ਲੈ ਜਾ ਸਕਦੇ ਹੋ ਅਤੇ ਦੁਬਾਰਾ ਇਸ ਨੂੰ ਪਾਲਿਸ਼ ਕਰ ਸਕਦੇ ਹੋ, ਅਤੇ, ਜਦੋਂ ਤੁਸੀਂ ਪਰਕਾਸ਼ ਦੀ ਪੋਥੀ ਵਿਚ ਲੈ ਜਾਂਦੇ ਹੋ, ਇਹ ਸਭ ਚੀਜ ਯਿਸੂ ਹੈ! ਆਮੀਨ। ਤੁਸੀਂ ਇਸ ਨੂੰ ਜਿੰਨਾ ਚਾਹੋ ਪਾਲਿਸ਼ ਕਰ ਸਕਦੇ ਹੋ, ਇਹ ਯਿਸੂ ਹੋਵੇਗਾ ਜਦੋਂ ਤੁਸੀਂ—ਜਦੋਂ ਤੁਸੀਂ ਪਰਕਾਸ਼ ਦੀ ਪੋਥੀ ਵਿੱਚ ਪਹੁੰਚੋਗੇ। ਕਿਉਂਕਿ, ਉਸਨੇ ਕਿਹਾ, “ਮੈਂ ਉਹ ਹਾਂ ਜੋ ਸੀ, ਜਿਹੜਾ ਹੈ, ਅਤੇ ਜਿਹੜਾ ਆਉਣ ਵਾਲਾ ਹੈ। ਮੈਂ ਦਾਊਦ ਦੀ ਜੜ ਅਤੇ ਸੰਤਾਨ ਹਾਂ, ਭੌਰ ਦਾ ਤਾਰਾ। ਮੈਂ ਅਲਫਾ, ਓਮੇਗਾ ਹਾਂ।” ਯੂਨਾਨੀ ਵਰਣਮਾਲਾ ਵਿਚ ਉਹ A ਅਤੇ Z ਹੈ। “ਮੈਂ ਏ ਤੋਂ ਜ਼ੈਡ ਹਾਂ। ਮੈਂ ਹਾਂ! ਮੈਂ ਸਭ ਵਿਚ ਹਾਂ।” ਇਹ ਠੀਕ ਹੈ। “ਮੈਂ ਹਾਂ ਜੋ ਜੀਉਂਦਾ ਸੀ ਅਤੇ ਮੈਂ ਮੁਰਦਾ ਸਾਂ ਅਰ ਵੇਖ, ਮੈਂ ਜੁੱਗੋ ਜੁੱਗ ਜੀਉਂਦਾ ਹਾਂ। ਮੌਤ ਅਤੇ ਪਤਾਲ ਦੀਆਂ ਕੁੰਜੀਆਂ ਮੇਰੇ ਕੋਲ ਹਨ।” ਔਹ, ਮੇਰੇ! ਹਰੇਕ ਰਤਨ ਜੋ ਤੁਸੀਂ ਇੱਥੇ ਲੈਂਦੇ ਹੋ ਅਤੇ ਇਸ ਨੂੰ ਪਾਲਿਸ਼ ਕਰਨਾ ਸ਼ੁਰੂ ਕਰਦੇ ਹੋ, ਇਹ ਪਾਲਿਸ਼ ਹੋ ਕੇ ਯਿਸੂ ਵਿੱਚ ਬਦਲ ਜਾਵੇਗਾ।

145 ਹੁਣ, ਬੱਸ ਥੋੜੀ ਦੇਰ ਹੋਰ ਅਤੇ ਫਿਰ ਅਸੀਂ—ਅਸੀਂ—ਅਸੀਂ—ਅਸੀਂ ਬੰਦ ਕਰਾਂਗੇ। ਹਾਂ। ਫਿਰ, ਅਸੀਂ ਕਿਸ ਦੀ ਉਡੀਕ ਕਰ ਰਹੇ ਹਾਂ? ਤੁਸੀਂ ਇੱਥੇ ਇਸ ਸਭਾ ਵਿੱਚ ਕਿਸ ਲਈ ਹੋ? ਇਸਦਾ ਉਦੇਸ਼ ਕੀ ਹੈ? ਜਗਤ ਕਿਸ ਦੇ ਲਈ ਹਾਹੁਕੇ ਭਰ ਰਿਹਾ ਹੈ? ਪਰਮਾਣੂ ਬੰਬ ਕਿਸ ਲਈ ਰੁਕੇ ਹੋਏ ਹਨ, ਅਣੂ ਅਤੇ ਪ੍ਰਮਾਣੂ ਕਿਸ ਲਈ ਹਨ? ਅਤੇ, ਔਹ, ਇਹ ਸਭ ਕੀ ਹੈ?

146 ਰੋਮੀਆਂ 8ਵੇਂ ਅਧਿਆਏ, ਵਲ ਪਰਤੋ, ਸਿਰਫ ਇੱਕ ਮਿੰਟ। ਇਹ ਕਿਸ ਦੀ ਉਡੀਕ ਕਰ ਰਿਹਾ ਹੈ? ਇਹ ਸਭ ਕਿਸ ਦਾ ਇੰਤਜ਼ਾਰ ਕਰ ਰਿਹਾ ਹੈ? ਕਿਹੜਾ ਸਮਾਂ ਹੈ? ਰੋਮੀਆਂ, 8ਵਾਂ ਅਧਿਆਇ, ਅਤੇ ਆਓ ਸ਼ੁਰੂ ਕਰੀਏ ਅਤੇ ਪੜ੍ਹੀਏ, ਔਹ, ਮੈਂ ਅੱਠ-...ਆਓ ਅਸੀਂ ਨੌਂ-...19ਵੀਂ ਆਇਤ ਤੋਂ ਸ਼ੁਰੂਆਤ ਕਰੀਏ, ਅਤੇ ਬੱਸ ਠੀਕ ਇਸ—ਇਸ ਜਗ੍ਹਾ ਤੋਂ ਪੜ੍ਹਾਂਗਾ, ਤਾਂ ਜੋ ਇਸ ਨੂੰ—

ਇਸ ਨੂੰ ਅਸਲ ਮਿੱਠਾ ਬਣਾਈਏ। ਇਹ ਠੀਕ ਹੈ। ਮੈਂ ਜਾਣਦਾ ਹਾਂ ਤੁਸੀਂ ਕਿਥੇ ਜਾ ਰਹੇ ਹੋ। ਠੀਕ ਹੈ। ਰੋਮੀਆਂ, 8ਵਾਂ ਅਧਿਆਇ, ਮੈਨੂੰ ਯਕੀਨ ਹੈ ਕਿ ਹੁਣ ਮੈਂ ਸਹੀ ਹਾਂ। ਹਾਂ, ਸ਼੍ਰੀਮਾਨ। 8ਵਾਂ ਅਧਿਆਇ, ਅਤੇ ਆਓ ਅਸੀਂ ਇੱਥੇ 18ਵੀਂ ਆਇਤ ਤੋਂ ਅਰੰਭ ਕਰੀਏ। ਆਓ ਹੁਣੇ 14ਵੀਂ ਆਇਤ ਤੋਂ ਸ਼ੁਰੂ ਕਰੀਏ।

*ਜਿੰਨੇ ਪਰਮੇਸ਼ੁਰ ਦੇ ਆਤਮਾ ਦੀ ਅਗਵਾਈ ਨਾਲ ਚੱਲਦੇ ਹਨ, ਓਹੀ…ਪਰਮੇਸ਼ੁਰ ਦੇ ਪੁੱਤ੍ਰ ਹਨ।* (ਇਹ ਸਹੀ ਹੈ।)

*ਕਿਉਂ ਜੋ ਤੁਹਾਨੂੰ ਗੁਲਾਮੀ ਦਾ ਆਤਮਾ ਨਹੀਂ ਮਿਲਿਆ ਜੋ ਫੇਰ ਮੁੜ ਕੇ ਡਰੋ;…*

147 "ਔਹ, ਮੈਨੂੰ ਅਚਰਜ ਹੈ ਜੇ ਮੈਂ ਇਸ ਨੂੰ ਫੜ ਸਕਾਂ। ਔ, ਜੇ ਮੈਂ ਫੜ ਸਕਾਂ!" ਕੁਝ ਵੀ ਨਾ ਫੜੋ! ਇਹ ਨਹੀਂ ਹੈ ਕਿ ਮੈਂ ਫੜਿਆ ਹੈ ਜਾਂ ਨਹੀਂ, ਇਹ ਹੈ ਕਿ ਉਸ ਨੇ ਫੜਿਆ ਹੈ ਜਾਂ ਨਹੀਂ। ਮੈਂ ਹੁਣ ਉਸਦੇ ਵਿੱਚ ਹਾਂ, ਵੇਖੋ।

148 ਅੱਛਾ, ਤੁਸੀਂ ਕਹਿੰਦੇ ਹੋ, "ਅੱਛਾ, ਜੇ ਮੈਂ ਉਸ ਵਿਚ ਹੁੰਦਾ!" ਹੁਣ ਤੁਸੀਂ—ਤੁਸੀਂ ਪ੍ਰੈਸਬੈਟਰਿਅਨ ਲੋਕ ਕਹਿੰਦੇ ਹੋ, "ਆਹ, ਅਸੀਂ ਹਮੇਸ਼ਾਂ ਇਸ ਗੱਲ ਤੇ ਵਿਸ਼ਵਾਸ ਕਰਦੇ ਹਾਂ।" ਪਰ ਤੁਹਾਡਾ ਜੀਵਨ ਇਹ ਸਾਬਤ ਕਰਦਾ ਹੈ ਕਿ ਤੁਸੀਂ ਨਹੀਂ ਕਰਦੇ, ਜਦੋਂ ਤੱਕ ਤੁਸੀਂ ਉਹ ਜੀਵਨ ਦੀ ਚਾਲ ਨਹੀਂ ਜਿਉਂਦੇ ਹੋ ਜਿਸ ਤਰ੍ਹਾਂ ਉਹ ਚਲਦਾ ਸੀ, ਤੁਸੀਂ ਉਹੀ ਖੁਸ਼ਖਬਰੀ ਵਿੱਚ ਵਿਸ਼ਵਾਸ ਕਰਦੇ ਜਿਹੜੀ ਉਸਨੇ ਪ੍ਰਚਾਰ ਕੀਤੀ ਸੀ।

149 ਤੁਸੀਂ ਕਹਿੰਦੇ ਹੋ, "ਆਹ," ਬੈਪਟਿਸਟ ਕਹਿੰਦੇ ਹਨ, "ਯਕੀਨਨ, ਮੈਂ ਸਦੀਪਕ ਸੁਰੱਖਿਆ ਵਿੱਚ ਵਿਸ਼ਵਾਸ ਕਰਦਾ ਹਾਂ।" ਅਤੇ ਇਥੋਂ ਬਾਹਰ ਜਾਂਦੇ ਹੋ ਅਤੇ ਸਿਗਾਰ ਪੀਂਦੇ ਹੋ ਅਤੇ ਨੱਚਣ ਲਈ ਭੱਜਦੇ ਹੋ, ਅਤੇ ਔਰਤਾਂ ਆਪਣੇ ਵਾਲ ਕਟਾਉਂਦੀਆਂ ਹਨ, ਆਪਣੇ ਚਿਹਰੇ ਰੰਗਦੀਆਂ ਹਨ ਅਤੇ ਇਸ ਤਰ੍ਹਾਂ ਵਰਤਾਉ ਕਰਦੀਆਂ ਹਨ ਕਿ ਮੈਂ-ਨਹੀਂ-ਜਾਣਦੀ-ਕੀ? ਤੁਹਾਡੇ ਫਲ ਸਾਬਤ ਕਰਦੇ ਹਨ ਕਿ ਤੁਸੀਂ ਇਸ ਤੇ ਵਿਸ਼ਵਾਸ ਨਹੀਂ ਕਰਦੇ।

ਜਦੋਂ ਮੈਂ ਕਹਿੰਦਾ ਹਾਂ, "ਕੀ ਤੁਸੀਂ ਦੈਵਿਕ ਚੰਗਾਈ ਵਿਚ ਵਿਸ਼ਵਾਸ ਕਰਦੇ ਹੋ?"

"ਔਹ, ਡਾਕਟਰ ਜੋਨਸ ਨੇ ਕਿਹਾ ਕਿ ਇਹ *ਇੰਞ* ਸੀ, ਇਹ ਪਿਛਲੇ ਦਿਨਾਂ ਵਿਚ ਹੁੰਦੀ ਸੀ।"

150 ਹੁਣ, ਤੁਸੀਂ ਕਪਟੀਓ! ਤੁਹਾਨੂੰ ਕੀ ਤਕਲੀਫ਼ ਹੈ? ਤੁਸੀਂ ਮੰਦਭਾਗੇ ਧੋਖਾ ਖਾਧੇ ਹੋਏ ਬੱਚੇ ਹੋ। ਤੁਸੀਂ ਇੰਜੀਲ ਤੋਂ ਇੰਨੇ ਦੂਰ ਹੋ ਇਥੋਂ ਤਕ ਇਹ ਤਰਸ ਵਾਲੀ ਗਲ ਹੈ। ਤੁਸੀਂ ਕਿਸੇ ਚਿੱਕੜ ਵਾਲੀ ਸੜਕ ਤੇ ਕਿਸੇ ਬਲਦੇ ਹੋਏ ਕੂੜੇ

ਦੇ ਢੇਰ ਦੇ ਨਾਲ ਸੁੱਟੇ ਗਏ ਹੋ। ਕੀ ਤੁਸੀਂ ਇੱਥੇ ਨਹੀਂ ਵੇਖ ਰਹੇ ਕਿ ਉਸਨੇ ਕੀ ਕਿਹਾ? ਇਹ ਉਹ ਹਰ ਆਤਮਾ ਜਿਹੜੀ ਇਹ ਕਬੂਲ ਕਰਦੀ ਹੈ ਕਿ ਯਿਸੂ ਇਸ ਸਮੇਂ ਸਰੀਰ ਵਿੱਚ ਨਹੀਂ ਆਇਆ, ਉਹ ਗਲਤ ਆਤਮਾ ਤੋਂ ਹੈ। ਬਾਈਬਲ ਕਹਿੰਦੀ ਹੈ ਕਿ ਯਿਸੂ ਮਸੀਹ ਕਲ੍ਹ, ਅੱਜ, ਅਤੇ ਜੁਗਾਂ ਜੁੱਗ ਇੱਕੋ ਜਿਹਾ ਹੈ। ਜੋ ਉਸਨੇ ਉਸ ਵੇਲੇ ਕਿਹਾ ਸੀ, ਉਹ ਹੁਣ ਹੈ, ਉਹ ਹਮੇਸ਼ਾਂ ਇਸ ਤਰ੍ਹਾਂ ਹੈ। ਬੱਸ ਸੁਣੋ।

*ਕਿਉਂ ਜੋ ਤੁਹਾਨੂੰ ਗੁਲਾਮੀ ਦਾ ਆਤਮਾ ਨਹੀਂ ਮਿਲਿਆ ਜੋ ਫੇਰ ਮੁੜ ਕੇ ਡਰੋ ਸਗੋਂ ਆਤਮਾ ਮਿਲਿਆ ਹੈ...*[ਸਭਾ ਆਖਦੀ ਹੈ, *"ਲੇਪਾਲਕਪਣ ਦਾ।"*—ਸੰਪਾਦਕ।]

151 ਹੁਣ, ਤੁਹਾਡੇ ਲੇਪਾਲਕਪਣ ਤੋਂ ਬਾਅਦ, ਠੀਕ ਹੈ, ਜੱਦ ਤੁਹਾਡਾ ਲੇਪਾਲਕਪਣ ਹੋ ਜਾਂਦਾ ਹੈ। ਤੁਹਾਨੂੰ ਅਹੁਦੇ ਤੇ ਰੱਖਿਆ ਜਾਂਦਾ ਹੈ, ਤਦ ਤੁਸੀਂ ਸਮਝਦੇ ਹੋ, ਰਸਮ ਦੇ ਹੋਣ ਤੋਂ ਬਾਅਦ ਅਤੇ ਤੁਹਾਨੂੰ ਦੇਹ ਵਿੱਚ ਸਹੀ ਢੰਗ ਨਾਲ ਪਾ ਦਿੱਤਾ ਜਾਂਦਾ ਹੈ। ਤੁਸੀਂ ਇੱਕ ਪੁੱਤ੍ਰ ਹੋ, ਯਕੀਨਨ, ਇੱਕ ਪੁੱਤਰੀ, ਜਦੋਂ ਤੁਸੀਂ ਦੁਬਾਰਾ ਜਨਮ ਲੈਂਦੇ ਹੋ, ਇਹ ਤੁਹਾਡਾ ਜਨਮ ਹੈ। ਹੁਣ ਤੁਹਾਨੂੰ ਸਥਾਨ ਤੇ ਰਖਿਆ ਗਿਆ ਹੈ।

*ਕਿਉਂ ਜੋ ਤੁਹਾਨੂੰ ਗੁਲਾਮੀ ਦਾ ਆਤਮਾ ਨਹੀਂ ਮਿਲਿਆ ਜੋ...ਫੇਰ; ਮੁੜ ਕੇ ਡਰੋ ਸਗੋਂ ਸਾਨੂੰ ਆਤਮਾ ਮਿਲਿਆ ਹੈ—ਸਾਨੂੰ ਲੇਪਾਲਕ ਪੁੱਤ੍ਰ ਹੋਣ ਦਾ ਆਤਮਾ ਮਿਲਿਆ, ਜਿਸ ਕਰਕੇ ਅਸੀਂ ਅੱਬਾ, ਹੇ ਪਿਤਾ, ਪੁਕਾਰਦੇ ਹਾਂ।* (ਜਿਸਦਾ ਅਰਥ ਹੈ, "ਮੇਰਾ ਪਰਮੇਸ਼ੁਰ।" ਠੀਕ ਹੈ।)

*ਉਹ ਆਤਮਾ ਆਪ ਸਾਡੇ ਆਤਮਾ ਦੇ ਨਾਲ ਸਾਖੀ ਦਿੰਦਾ ਹੈ, ਭਈ ਅਸੀਂ—ਅਸੀਂ ਪਰਮੇਸ਼ੁਰ ਦੇ ਬਾਲਕ ਹਾਂ:*

152 ਇਹ ਕਿਵੇਂ ਕਰਦਾ ਹੈ? ਤੁਸੀਂ ਕਹਿੰਦੇ ਹੋ, "ਪਰਮੇਸ਼ੁਰ ਦੀ ਮਹਿਮਾ ਹੋਵੇ! ਹਾਲੇਲੂਯਾਹ! ਇਹ ਮੈਨੂੰ ਪਰੇਸ਼ਾਨ ਨਹੀਂ ਕਰਦਾ, ਮੈਂ ਪਰਮੇਸ਼ੁਰ ਦਾ ਬਾਲਕ ਹਾਂ," ਅਤੇ ਬਾਹਰ ਜਾ ਕੇ ਉਹ ਕੰਮ ਕਰੋ ਜੋ ਤੁਸੀਂ ਕਰਦੇ ਹੋ? ਪਰਮੇਸ਼ੁਰ ਦਾ ਆਤਮਾ ਪਰਮੇਸ਼ੁਰ ਦੇ ਕੰਮ ਕਰੇਗਾ।

153 ਯਿਸੂ ਨੇ ਕਿਹਾ, "ਜੋ ਕੋਈ ਮੇਰੇ ਵਿੱਚ ਵਿਸ਼ਵਾਸ ਕਰਦਾ ਹੈ, ਉਹ ਉਹੀ ਕੰਮ ਕਰੇਗਾ ਜੋ ਮੈਂ ਕਰਦਾ ਹਾਂ।" ਵੇਖਿਆ? ਵੇਖਿਆ?

154 ਜੇ—ਜੇ—ਜੇ—ਜੇ ਇਹ ਵੇਲ ਵੱਧਦੀ ਹੈ ਅਤੇ ਇਹ ਅੰਗੂਰਾਂ ਦਾ ਇੱਕ ਗੁਛਾ ਪੈਦਾ ਕਰਦੀ ਹੈ, ਅਤੇ ਅੱਗੇ ਵੱਧਦੀ ਹੈ ਅਤੇ ਕੱਦੂ ਪੈਦਾ ਕਰਦੀ ਹੈ, ਤਾਂ ਕੁਝ ਗਲਤ ਹੈ। ਸਮਝੇ? ਇਹ ਕਲਮ ਕੀਤੀ ਹੋਈ ਕਲੀਸਿਯਾ ਹੈ, ਇਹ ਕਲਮ

ਕੀਤੀ ਹੋਈ ਵੇਲ ਹੈ, ਇਹ ਕਲਮ ਕੀਤਾ ਹੋਇਆ ਵਿਅਕਤੀ ਹੈ। ਜੇ ਕੋਈ ਵਿਅਕਤੀ ਕਿਸੇ ਨਾਮਧਾਰੀ ਕਲੀਸਿਯਾ ਨਾਲ, ਇੱਕ ਨਾਮਧਾਰੀ ਕਲੀਸਿਯਾ ਨਾਲ ਸਬੰਧਤ ਹੈ ਅਤੇ ਆਪਣੇ ਆਪ ਨੂੰ ਇੱਕ ਮਸੀਹੀ ਕਹਿੰਦਾ ਹੈ, ਅਤੇ ਉਸ ਵਿੱਚ ਪਵਿੱਤਰ ਆਤਮਾ ਅਤੇ ਪਰਮੇਸ਼ੁਰ ਦੀ ਸ਼ਕਤੀ ਅਤੇ ਇਹ ਸਭ ਚੀਜ਼ਾਂ ਨਹੀਂ ਹਨ...

155 ਹੁਣ, ਜੇ ਤੁਸੀਂ ਬਾਹਰ ਜਾਂਦੇ ਹੋ ਅਤੇ ਸ਼ਰਾਬੀਆਂ ਦੇ ਝੁੰਡ ਵਾਂਗ ਵਰਤਾਓ ਕਰੋ, ਸਿਰਫ ਇਸ ਲਈ ਕਿ ਤੁਸੀਂ ਵੱਖੋ ਵੱਖਰੀਆਂ ਭਾਸ਼ਾਵਾਂ ਵਿੱਚ ਬੋਲਦੇ ਹੋ। ਮੈਂ ਭੂਤਾਂ ਨੂੰ ਪਰਾਈਆਂ ਭਾਸ਼ਾਵਾਂ ਬੋਲਦੇ ਹੋਏ ਵੇਖਿਆ ਹੈ। ਹਾਂ, ਸ਼੍ਰੀ ਮਾਨ। ਮੈਂ ਉਨ੍ਹਾਂ ਨੂੰ ਆਤਮਾ ਵਿੱਚ ਨੱਚਦਿਆਂ, ਅਤੇ ਚਿਲਾਉਂਦੇ ਹੋਇਆਂ ਅਤੇ ਮੂੰਹ ਵਿਚੋਂ ਝੱਗ ਛੱਡਦੇ, ਅਤੇ ਹੋਰ ਸਭ ਕੁਝ ਕਰਦੇ ਹੋਏ ਵੇਖਿਆ ਹੈ। ਮੈਂ ਇਹ ਦੇਖਿਆ ਹੈ। ਮੈਂ ਇੱਕ...ਮੈਂ ਇਸ ਬਾਰੇ ਗੱਲ ਨਹੀਂ ਕਰ ਰਿਹਾ। ਮੈਂ ਪਰਮੇਸ਼ੁਰ ਦੀ ਆਤਮਾ ਬਾਰੇ ਗੱਲ ਕਰ ਰਿਹਾ ਹਾਂ।

> *ਉਹ ਆਤਮਾ ਆਪ ਸਾਡੇ ਆਤਮਾ ਦੇ ਨਾਲ ਸਾਖੀ ਦਿੰਦਾ ਹੈ ਭਈ ਅਸੀਂ...ਪਰਮੇਸ਼ੁਰ ਦੇ ਬਾਲਕ ਹਾਂ:*
>
> *ਅਤੇ ਜੇ ਬਾਲਕ ਹਾਂ, ਤਾਂ ਅਧਕਾਰੀ ਵੀ ਹਾਂ; ਪਰਮੇਸ਼ੁਰ ਦੇ ਅਧਕਾਰੀ,...ਅਤੇ ਮਸੀਹ ਦੇ ਨਾਲ ਸਾਂਝੇ ਅਧਕਾਰੀ; ਪਰ ਤਦੇ... ਜੇ ਅਸੀਂ ਉਹ ਦੇ ਨਾਲ ਦੁਖ ਝੱਲੀਏ, ਭਈ ਉਹ ਦੇ ਨਾਲ ਅਸੀਂ... ਵਡਿਆਏ ਜਾਈਏ।*
>
> *ਮੇਰੀ ਸਮਝ ਵਿੱਚ ਇਸ ਵਰਤਮਾਨ ਸਮੇਂ ਦੇ ਦੁਖ...*

156 ਬੱਸ ਇਸ ਨੂੰ ਸੁਣੋ। ਔਹ, ਕੀ ਇਹ ਸੁੰਦਰ ਨਹੀਂ ਹੈ!

> *ਮੇਰੀ ਸਮਝ ਵਿੱਚ ਇਸ ਵਰਤਮਾਨ ਸਮੇਂ ਦੇ ਦੁਖ ਉਸ ਪਰਤਾਪ ਨਾਲ ਜੋ ਸਾਡੇ ਵਿੱਚ ਪ੍ਰਗਟ ਹੋਣ ਵਾਲਾ ਹੈ ਮਿਚਾਉਣ ਦੇ ਜੋਗ ਨਹੀਂ—ਸਾਡੇ ਵਿੱਚ।*
>
> *ਕਿਉਂ ਜੋ ਸਰਿਸ਼ਟੀ ਵੱਡੀ ਚਾਹ ਨਾਲ...*

157 ਇਹ ਇਥੇ ਕਹਿੰਦਾ ਹੈ, ਇਥੇ ਛੋਟਾ ਜਿਹਾ—ਇਥੇ ਛੋਟਾ ਜਿਹਾ ਸ਼ਬਦ ਹੈ, ਥੋੜਾ ਜਿਹਾ ਹਾਸ਼ੀਏ ਵਾਲਾ ਪਾਠ, ਯੂਨਾਨੀ ਭਾਸ਼ਾ ਵਿਚ, "ਸਰਿਸ਼ਟੀ" ਸਹੀ ਹੈ।

> ...ਸਰਿਸ਼ਟੀ ਵੱਡੀ ਚਾਹ ਨਾਲ ਪਰਮੇਸ਼ੁਰ *ਦੇ ਪੁੱਤ੍ਰਾਂ ਦੇ ਪ੍ਰਗਟ ਹੋਣ ਨੂੰ ਉਡਕਦੀ ਹੈ।*

158 ਸਭ ਕੁਝ ਕਿਸ ਦੀ ਉਡੀਕ ਕਰ ਰਿਹਾ ਹੈ? ਸਾਰੀ ਸ੍ਰਿਸ਼ਟੀ ਕਿਸ ਦੀ ਉਡੀਕ ਕਰ ਰਹੀ ਹੈ? ਪਰਮੇਸ਼ੁਰ ਦੇ ਪੁੱਤਰ੍ਹਾਂ ਦੇ ਪ੍ਰਗਟ ਹੋਣ ਨੂੰ। ਇਹ ਕਲੀਸਿਯਾ ਲਈ ਉਡੀਕ ਕਰ ਰਹੀ ਹੈ ਕਿ ਉਹ ਆਪਣੇ ਸਥਾਨ ਉੱਤੇ ਆ ਜਾਵੇ। ਪਰਮੇਸ਼ੁਰ ਦਾ ਪੁੱਤਰ ਕੌਣ ਸੀ, ਜਦੋਂ ਆਦਮ, ਉਸਦਾ ਰਾਜ ਕਿੱਥੇ ਸੀ? ਧਰਤੀ ਉੱਤੇ। ਉਹ, ਉਸ ਕੋਲ ਧਰਤੀ ਉੱਤੇ ਰਾਜ ਸੀ। ਕੀ ਇਹ ਸਹੀ ਹੈ? ਤੱਦ ਉਹ ਇਲਹ, ਇਲਹ, ਇਲੋਹੀਮ ਨਹੀਂ ਸੀ; ਉਹ ਯਹੋਵਾਹ ਸੀ। ਸਮਝੇ? ਇਹ ਸੀ, "ਮੈਂ ਪਰਮੇਸ਼ੁਰ ਹਾਂ, ਅਤੇ ਮੈਂ ਆਪਣੇ ਅਧੀਨ ਕੁਝ ਛੋਟੇ ਪਰਮੇਸ਼ੁਰ ਬਣਾਏ ਹਨ। ਅਤੇ ਮੈਂ ਉਨ੍ਹਾਂ ਨੂੰ ਇੱਕ ਰਾਜ ਦਿੱਤਾ ਹੈ। ਅਤੇ ਉਨ੍ਹਾਂ ਦੇ ਰਾਜ ਵਿਚ, ਧਰਤੀ ਉਨ੍ਹਾਂ ਦੇ ਅਧੀਨ ਹੈ।" ਮਨੁੱਖ ਦਾ ਧਰਤੀ ਉੱਤੇ ਰਾਜ ਸੀ। ਅਤੇ ਸਾਰੀ ਸ੍ਰਿਸ਼ਟੀ ਪਰਮੇਸ਼ੁਰ ਦੇ ਪੁੱਤਰ੍ਹਾਂ ਦੇ ਪ੍ਰਗਟ ਹੋਣ ਦੀ ਉਡੀਕ ਕਰ ਰਹੀ ਹੈ। ਔਹ!

> ਅਸੀਂ ਉਸ ਖੁਸ਼ਹਾਲ ਹਜ਼ਾਰ ਸਾਲਾ ਦਿਨ ਦੇ ਆਉਣ ਦੀ
> ਉਡੀਕ ਕਰ ਰਹੇ ਹਾਂ,
> ਜਦ ਸਾਡਾ ਮੁਬਾਰਕ ਪ੍ਰਭੂ ਆ ਕੇ ਆਪਣੀ ਉਡੀਕਦੀ
> ਲਾੜੀ ਨੂੰ ਲੈ ਜਾਵੇਗਾ;
> ਔਹ, ਧਰਤੀ ਹਾਹੁਕੇ ਭਰਦੀ ਹੈ, ਉਸ ਛੁਟਕਾਰੇ ਦੇ ਦਿਨ
> ਲਈ ਪੁਕਾਰ ਰਹੀ ਹੈ,
> ਜਦ ਸਾਡਾ ਛੁਟਕਾਰਾ ਦੇਣ ਵਾਲਾ ਦੁਬਾਰਾ ਧਰਤੀ ਤੇ
> ਵਾਪਸ ਆਵੇਗਾ।

159 ਕੀ ਇਹ ਸਹੀ ਹੈ? ਉਡੀਕਦੀ ਹੈ। ਪਰਮੇਸ਼ੁਰ ਆਪਣੀ ਕਲੀਸਿਯਾ ਨੂੰ ਸਥਾਨ ਵਿੱਚ ਰੱਖਣ ਦੀ ਕੋਸ਼ਿਸ ਕਰ ਰਿਹਾ ਹੈ, ਤਾਂ ਜੋ ਆਪਣੇ ਆਪ ਨੂੰ ਪ੍ਰਗਟ ਕਰੇ, ਉਨ੍ਹਾਂ ਨੂੰ ਲੈ ਰਿਹਾ ਹੈ ਜਿਨ੍ਹਾਂ ਵਿਚੋਂ ਹੋ ਕੇ ਉਹ ਇਸ ਤਰ੍ਹਾਂ ਕੰਮ ਕਰ ਸਕੇ, ਕਹੇ, "ਮੇਰੀ ਆਤਮਾ ਅਜਾਦੀ ਨਾਲ ਵਹਿ ਰਹੀ ਹੈ। ਇਹੀ ਹੈ। ਜਿਸ ਵਿਚ, ਕਿ, ਮੈਂ—ਮੈਂ ਕੰਮ ਕਰ ਸਕਦਾ ਹਾਂ।" ਇਥੇ, ਇੱਕ ਹੋਰ ਨੂੰ ਲਵੋ ਅਤੇ ਉਸ ਨੂੰ ਇਸ ਅਹੁਦੇ ਤੇ ਰਖੋ, "ਮੈਂ ਉਸ ਨੂੰ ਰੱਖ ਸਕਦਾ ਹਾਂ।" ਲੇਪਾਲਕਪਣ, ਅਹੁਦੇ ਤੇ ਰੱਖਣਾ, ਪ੍ਰਗਟ ਕਰਨਾ, ਉਸ ਨੂੰ ਇਥੇ ਲੈ ਕੇ ਆਓ ਅਤੇ ਉਸ ਲਈ ਇਕ ਸਮਾਰੋਹ ਦਾ ਪ੍ਰਬੰਧ ਕਰੋ, ਉਸ ਨਾਲ ਦੂਤ ਦੀ ਮੁਲਾਕਾਤ ਕਰਾਓ, ਉਸ ਨੂੰ ਕੁਝ ਦੱਸੋ। ਹੁਣ, ਜੇ ਉਸਨੇ ਸੱਚ ਦੱਸਿਆ ਹੈ! ਹੁਣ ਜੇ ਉਹ ਸਿਰਫ ਕੋਈ ਕਹਾਣੀ ਘੜ ਰਿਹਾ ਹੈ, ਤਾਂ ਇਹ ਕੰਮ ਨਹੀਂ ਕਰੇਗਾ। ਨਾ, ਨਾ, ਇਹ—ਇਹ ਕੰਮ ਨਹੀਂ ਕਰੇਗਾ, ਸਾਡੇ ਕੋਲ ਅਜਿਹੇ ਬਹੁਤ ਸਾਰੇ ਸਨ। ਪਰ ਮੇਰਾ ਭਾਵ ਹੈ—ਪਰ ਮੇਰਾ ਭਾਵ ਹੈ ਪਰਮੇਸ਼ੁਰ ਦੇ ਪੁੱਤਰ੍ਹਾਂ ਦਾ ਪ੍ਰਗਟ ਹੋਣਾ, ਜਦੋਂ ਪਰਮੇਸ਼ੁਰ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਅਤੇ ਉਹ ਉਸਨੂੰ ਬਾਹਰ ਭੇਜਦਾ ਹੈ। ਅਤੇ ਫਿਰ ਉਹ

ਬਾਹਰ ਜਾਂਦਾ ਹੈ, ਅਤੇ ਉਹ ਜੋ ਕਹਿੰਦਾ ਹੈ ਸੱਚ ਹੈ। ਉਹ ਜੋ ਕਰਦਾ ਉਹ ਸੱਚ ਹੈ। ਉਹ ਜੋ ਕੁਝ ਵੀ ਕਰਦਾ ਹੈ, ਉਹ ਮਸੀਹ ਨੂੰ ਪ੍ਰਗਟ ਕਰਦਾ ਹੈ। ਤੁਸੀਂ ਉਸਦਾ ਨਿਰਣਾ ਕਿਵੇਂ ਕਰੋਗੇ? ਉਸ ਤਰੀਕੇ ਨਾਲ ਜਿਵੇਂ ਉਹ ਵਚਨ ਦੇ ਨਾਲ ਰਹਿੰਦਾ ਹੈ, ਬਿਲਕੁਲ ਵਚਨ ਦੇ ਨਾਲ। ਵੇਖੋ, ਇਹ ਹੈ ਜਿਸ ਨਾਲ ਤੁਸੀਂ ਸਾਰੇ ਮਨੁੱਖ ਨੂੰ ਜਾਣੋਗੇ, ਜਿਸ ਤਰੀਕੇ ਨਾਲ ਉਹ ਵਚਨ ਦੇ ਨਾਲ ਰਹਿੰਦਾ ਹੈ। "ਜੇ ਉਹ ਵਚਨ ਦੇ ਅਨੁਸਾਰ ਨਹੀਂ ਬੋਲਦੇ, ਤਾਂ ਉਨ੍ਹਾਂ ਵਿੱਚ ਕੋਈ ਜੀਵਣ ਨਹੀਂ," ਬਾਈਬਲ ਕਹਿੰਦੀ ਹੈ। ਸਮਝੇ? ਉਨ੍ਹਾਂ ਨੂੰ ਛੱਡ ਦਿਓ।

160 ਆਓ ਹੁਣ ਪੜ੍ਹੀਏ, ਫਿਰ ਅਸੀਂ—ਅਸੀਂ ਬੰਦ ਕਰਾਂਗੇ, ਕਿਉਂਕਿ ਸਾਡਾ ਸਮਾਂ ਸਮਾਪਤ ਹੋ ਰਿਹਾ ਹੈ। ਬਿਲਕੁਲ ਠੀਕ, 10ਵੀਂ ਆਇਤ ਵਿਚ, ਸਗੋਂ, 9ਵੀਂ ਆਇਤ ਵਿਚ।

> *ਕਿਉਂ ਜੋ ਉਹ ਨੇ ਆਪਣੀ ਇੱਛਿਆ ਦੇ ਭੇਤ ਨੂੰ ਸਾਡੇ ਉੱਤੇ ਪਰਗਟ ਕੀਤਾ,* (ਸਾਨੂੰ ਲੇਪਾਲਕ ਪੁੱਤ੍ਰ ਹੋਣ ਲਈ) *ਆਪਣੇ ਉਸ ਨੇਕ ਇਰਾਦੇ ਦੇ ਅਨੁਸਾਰ ਜਿਹੜਾ ਉਹ ਨੇ ਉਸ ਵਿੱਚ ਧਾਰਿਆ ਸੀ:*

161 ਉਸਨੇ ਇਸ ਨੂੰ ਆਪਣੇ ਆਪ ਵਿੱਚ, ਜਗਤ ਦੀ ਨੀਂਹ ਧਰਨ ਤੋਂ ਪਹਿਲਾਂ ਧਾਰਿਆ ਸੀ। ਕਿੰਨੇ ਇਸ ਨੂੰ ਸਮਝਦੇ ਹਨ? ਸਮਝੇ?

> *ਭਈ ਸਮਿਆਂ ਦੀ...*

162 ਔਹ, ਮੇਰੇ, ਇੱਥੇ ਅਸੀਂ ਦੁਬਾਰਾ ਆਉਂਦੇ ਹਾਂ! ਹੂੰ! ਔਹ, ਚਲੋ—ਚਲੋ—ਚਲੋ ਆਓ ਇਸ ਨੂੰ ਪੂਰਾ ਕਰੀਏ, ਵੇਖੋ।

> *...ਸਮਿਆਂ ਦੀ ਪੂਰਨਤਾਈ ਦੀ ਯੋਜਨਾ...*

163 ਕੀ ਤੁਸੀਂ ਯੋਜਨਾ ਵਿਚ ਵਿਸ਼ਵਾਸ ਕਰਦੇ ਹੋ? ਬਾਈਬਲ ਨੇ ਇੰਝ ਕਿਹਾ, "ਸਮਿਆਂ ਦੀ ਪੂਰਨਤਾਈ ਦੀ ਯੋਜਨਾ ਵਿੱਚ।" ਸਮਿਆਂ ਦੀ ਪੂਰਨਤਾਈ ਕੀ ਹੈ? ਇੱਕ ਸਮਾਂ ਸੀ, ਖੈਰ, ਮੂਸਾ ਸੀ ਸ਼ਰਾ ਦਾ ਇੱਕ ਸਮਾਂ ਸੀ। ਯੂਹੰਨਾ ਬਪਤਿਸਮਾ ਦੇਣ ਵਾਲੇ ਦਾ—ਦਾ—ਦਾ ਇੱਕ ਸਮਾਂ ਸੀ। ਮਸੀਹ ਦਾ ਇੱਕ ਸਮਾਂ ਸੀ। ਕਲੀਸਿਯਾ ਸੰਗਠਨ ਦਾ ਇੱਕ ਸਮਾਂ ਸੀ। ਪਵਿੱਤਰ ਆਤਮਾ ਦੇ ਉਂਡੇਲੇ ਜਾਣ ਦਾ ਇੱਕ ਸਮਾਂ ਸੀ। ਹੁਣ ਲੇਪਾਕਪਣ ਦਾ ਸਮਾਂ ਹੈ, ਜਗਤ ਕਿਸ ਦੇ ਲਈ ਉਡੀਕ ਰਿਹਾ ਹੈ, ਹਾਹੁਕੇ ਭਰਦਾ ਹੈ। "ਅਤੇ ਜਦੋਂ ਸਮੇਂ ਦੀ ਪੂਰਨਤਾ ਆਉਂਦੀ ਹੈ, ਜਦੋਂ ਸਮੇਂ ਦੀ ਪੂਰਨਤਾ ਹੁੰਦੀ ਹੈ," ਸਮੇਂ ਦੀ ਪੂਰਨਤਾ ਕੀ ਹੈ? ਜਦੋਂ ਮੁਰਦੇ ਜੀ ਉਠਦੇ ਹਨ, ਜਦੋਂ ਬਿਮਾਰੀ ਖਤਮ ਹੋ ਜਾਂਦੀ ਹੈ, ਜਦੋਂ...ਜਦੋਂ ਸਾਰੀ ਧਰਤੀ ਹਾਹੁਕੇ ਭਰਨਾ ਬੰਦ ਕਰ ਦਿੰਦੀ ਹੈ। "ਸਮਿਆਂ ਦੀ ਪੂਰਨਤਾਈ।" ਇਸ ਨੂੰ ਵੇਖੋ।

*ਜੱਦ ਸਮਿਆਂ ਦੀ ਪੂਰਨਤਾਈ ਦੀ ਜੁਗਤ ਹੋਵੇ ਤਾਂ ਜੋ ਉਹ ਸਭਨਾਂ ਨੂੰ ਜੋ ਸੁਰਗ ਵਿੱਚ ਅਤੇ ਜੋ ਧਰਤੀ ਉੱਤੇ ਹਨ ਮਸੀਹ ਵਿੱਚ ਇੱਕਠਾ ਕਰੇ,…*

164 ਕੀ ਤੁਸੀਂ ਖੁਸ਼ ਨਹੀਂ ਹੋ? ਉਹ ਇਹ ਕਿਵੇਂ ਕਰਨ ਜਾ ਰਿਹਾ ਹੈ? ਸਭਨਾਂ ਨੂੰ ਕਿਸ ਵਿੱਚ ਇੱਕਠਾ ਕਰੇ? [ਸਭਾ ਕਹਿੰਦੀ ਹੈ, "ਮਸੀਹ ਵਿੱਚ।"—ਸੰਪਾਦਕ।] ਤੁਸੀਂ ਮਸੀਹ ਵਿੱਚ ਕਿਵੇਂ ਆਉਂਦੇ ਹੋ? ["ਇੱਕੋ ਆਤਮਾ ਦੁਆਰਾ।"] ਇੱਕ ਸਰੀਰ ["ਇੱਕ ਸਰੀਰ"] ਬਣਨ ਦੇ ਲਈ ਇੱਕੋ ਆਤਮਾ ਨਾਲ ਬਪਤਿਸਮਾ ਦਿੱਤਾ ਗਿਆ। ਅਤੇ ਉਹ ਸਰੀਰ ਕਿਸਦਾ ਸਰੀਰ ਹੈ? ["ਮਸੀਹ ਦਾ।"] ਜਿਸਦਾ ਨਿਆਂ ਪਹਿਲਾਂ ਹੀ ਹੋ ਚੁਕਾ ਹੈ। ਉਸ ਨੇ ਸਾਡਾ ਨਿਆਂ ਆਪਣੇ ਉੱਤੇ ਲੈ ਲਿਆ। ਫਿਰ ਅਸੀਂ ਕੀ ਹਾਂ? "ਜਦੋਂ ਮੈਂ ["ਲਹੂ।"] ਲਹੂ ਨੂੰ ਵੇਖਾਂਗਾ, ਮੈਂ ਤੁਹਾਡੇ ਉਤੋਂ ਲੰਘ ਜਾਵਾਂਗਾ।" ਹਰ ਵਾਰ ਜਦੋਂ ਉਹ ਸਰੀਰ ਨੂੰ ਵੇਖਦਾ ਹੈ, ਇਹ ਉਥੇ ਲਹੂ ਨਾਲ ਲਥਪਥ, ਬੈਠਾ ਹੁੰਦਾ ਹੈ। ਮੈਂ ਉਸ ਵਿੱਚ ਕਿਵੇਂ ਹਾਂ? ਪਵਿੱਤਰ ਆਤਮਾ। ਉਹ ਬੱਸ ਉੱਪਰੋਂ ਲੰਘ ਜਾਂਦਾ ਹੈ। ਔਹ, ਮੇਰੇ!

ਅਤੇ ਜਦ ਸਮਿਆਂ ਦੀ ਪੂਰਨਤਾਈ, ਜੋ *ਉਹ ਸਭਨਾਂ ਨੂੰ ਜੋ ਸੁਰਗ ਵਿੱਚ ਅਤੇ…ਜੋ ਧਰਤੀ ਉੱਤੇ ਹਨ, ਮਸੀਹ ਵਿੱਚ ਇੱਕਠਾ ਕਰੇ,…*

165 ਹੁਣ ਜੇ ਤੁਸੀਂ ਕਿਸੇ ਨਾਮ ਦੀ ਗੱਲ ਕਰਨਾ ਚਾਹੁੰਦੇ ਹੋ, ਤਾਂ ਅਸੀਂ ਇਸ ਨੂੰ ਹੁਣੇ ਥੋੜੇ ਸਮੇਂ ਲਈ ਸ਼ੁਰੂ ਕਰਾਂਗੇ। ਸਵਰਗ ਵਿੱਚ ਸਾਰੇ ਪਰਿਵਾਰ ਦਾ ਨਾਮ ਕੀ ਹੈ? [ਕਲੀਸਿਯਾ ਕਹਿੰਦੀ ਹੈ, "ਯਿਸੂ ਮਸੀਹ।"—ਸੰਪਾਦਕ।] ਧਰਤੀ ਦੇ ਸਾਰੇ ਪਰਿਵਾਰ ਦਾ ਕੀ ਨਾਮ ਹੈ? ["ਯਿਸੂ ਮਸੀਹ।"]

166 ਇੱਥੇ ਕੁਝ ਵਧੀਆ ਔਰਤਾਂ ਹਨ, ਵਧੀਆ, ਅਮੀਰ, ਇੱਕ ਅਸਲ ਔਰਤ, ਔਰਤਾਂ। ਉਥੇ ਇਕ ਸ੍ਰੀਮਤੀ ਬ੍ਰਨਹਾਮ ਹੈ, ਸ੍ਰੀਮਤੀ ਵਿਲੀਅਮ ਬ੍ਰਨਹਾਮ, ਉਹ ਮੇਰੀ ਪਤਨੀ ਹੈ। ਉਹ ਮੇਰੇ ਨਾਲ ਘਰ ਜਾਂਦੀ ਹੈ। ਵੇਖੋ, ਤੁਸੀਂ ਬਾਕੀ ਸਾਰੀਆਂ ਆਪਣੇ ਪਤੀ ਨਾਲ ਜਾਂਦੀਆਂ ਹੋ।

167 ਜਿਉਂਦੇ ਪਰਮੇਸ਼ੁਰ ਦੀ ਇਕ ਮਹਾਨ ਜਿਉਂਦੀ ਕਲੀਸਿਯਾ ਹੈ, ਉਹ ਉਸਦਾ ਨਾਮ ਧਾਰਦੀ ਹੈ, ਉਹ ਉਸਦੀ ਆਤਮਾ ਨਾਲ ਭਰਪੂਰ ਹੈ। ਇਹ ਠੀਕ ਹੈ। ਮੈਂ ਨਹੀਂ ਕਹਿੰਦਾ…

168 ਮੈਂ ਚੰਗੇ ਕੰਮਾਂ ਦੀ ਨਿੰਦਾ ਨਹੀਂ ਕਰਦਾ, ਮੈਂ ਉਨ੍ਹਾਂ ਦੇ ਹਸਪਤਾਲਾਂ ਅਤੇ ਉਨ੍ਹਾਂ ਦੇ ਚੰਗੇ ਕੰਮਾਂ ਦੀ ਨਿੰਦਾ ਨਹੀਂ ਕਰਦਾ ਜਿਹੜੇ ਉਹ ਕਰਦੇ ਹਨ। ਮੈਂ ਸੋਚਦਾ ਹਾਂ ਕਿ ਇਹ ਸ਼ਾਨਦਾਰ ਹੈ, ਅਤੇ ਗਰੀਬ, ਦੁੱਖ ਭਰੀ ਮਨੁੱਖਤਾ ਲਈ ਪਰਮੇਸ਼ੁਰ ਦੀ ਆਸ਼ੀਸ਼ ਹੈ। ਮੈਂ ਉਨ੍ਹਾਂ ਸਾਰੀਆਂ ਚੀਜ਼ਾਂ ਦੀ ਨਿੰਦਾ ਨਹੀਂ ਕਰਦਾ ਜੋ ਉਹ ਕਰ ਰਹੇ ਹਨ। ਵਧੀਆ, ਇਹ ਬਿਲਕੁਲ ਸਹੀ ਹੈ। ਅਤੇ ਉਨ੍ਹਾਂ ਦੀਆਂ ਮਹਾਨ

ਸੰਸਥਾਵਾਂ ਅਤੇ ਲੱਖਾਂ ਡਾਲਰ, ਮੈਂ ਯਕੀਨਨ ਇਹ ਵੇਖਣਾ ਚਾਹਾਂਗਾ ਬਜਾਏ ਇਸਦੇ ਕਿ ਨੁੱਕਰ ਵਿਚ ਸ਼ਰਾਬ ਦੀਆਂ ਦੁਕਾਨਾਂ ਵੇਖਾਂ। ਮੈਂ ਨਿਸ਼ਚਤ ਤੌਰ ਤੇ ਪ੍ਰਚਾਰ ਮੰਚ ਤੇ ਖੜੇ ਸੇਵਕਾਂ ਵਜੋਂ ਉਨ੍ਹਾਂ ਦਾ ਸਨਮਾਨ ਕਰਦਾ ਹਾਂ।

169 ਪਰ ਸਮਿਆਂ ਦੇ ਅੰਤ ਤੇ ਜੱਦ ਇੱਕਠੇ ਹੋਣ ਦਾ ਵੇਲਾ ਆਉਂਦਾ ਹੈ, ਮੈਂ ਪਰਮੇਸ਼ੁਰ ਦੇ ਪੁੱਤ੍ਰਾਂ ਦੇ ਪ੍ਰਗਟ ਹੋਣ ਲਈ ਉਡੀਕ ਰਿਹਾ ਹੋਵਾਂਗਾ, ਸਮਿਆਂ ਦੀ ਪੂਰਨਤਾ-...ਤਾਂ ਜੋ ਸਭਨਾਂ ਨੂੰ ਇੱਕਠੇ ਕਰ ਸਕੇ, ਉਹ ਸਭ ਜਿਹੜੇ ਮਸੀਹ ਵਿਚ ਲਿਆਂਦੇ ਗਏ ਹਨ।ਮਸੀਹ ਕੀ ਹੈ? ਕਿੰਨੇ...ਅਸੀਂ ਉਸ ਵਿੱਚ ਕਿਵੇਂ ਆਉਂਦੇ ਹਾਂ? ਪਹਿਲਾ ਕੁਰਿੰਥੀਆਂ 12, "ਇੱਕ ਆਤਮਾ ਦੁਆਰਾ ਅਸੀਂ ਸਾਰੇ ਇੱਕ ਸਰੀਰ ਵਿੱਚ ਬਪਤਿਸਮਾ ਲੈਂਦੇ ਹਾਂ," ਜੋ ਮਸੀਹ ਦਾ ਸਰੀਰ ਹੈ, ਅਤੇ ਹਰੇਕ ਦਾਨ ਅਤੇ ਹਰੇਕ ਚੰਗੀ ਚੀਜ ਜਿਹੜੀ ਉਸ ਕੋਲ ਹੈ, ਦੇ ਵਾਰਿਸ ਹੋਏ। ਕੀ ਇਹ ਸਹੀ ਹੈ? "ਸਾਰੀ ਧਰਤੀ ਹਾਹੁਕੇ ਭਰਦੀ ਹੈ, ਪੁਕਾਰਦੀ ਹੈ, ਪ੍ਰਗਟ ਹੋਣ ਨੂੰ ਉਡੀਕਦੀ ਹੈ ਕਿ ਕੱਦ ਮਸੀਹ ਅਤੇ ਉਸਦੀ ਕਲੀਸਿਯਾ ਇੱਕ ਹੋਣਗੇ।"

*ਭਈ...ਸਮਿਆਂ ਦੀ ਪੂਰਨਤਾਈ ਦੀ...ਜੁਗਤ ਹੋਵੇ ਤਾਂ ਜੋ...ਉਹ ਸਭਨਾਂ ਨੂੰ, ਜੋ ਸੁਰਗ ਵਿੱਚ, ਅਤੇ ਜੋ ਧਰਤੀ ਉੱਤੇ ਹਨ; ਅਤੇ ਉਸ ਵਿੱਚ:...ਧਰਤੀ; ਮਸੀਹ ਵਿੱਚ ਇੱਕਠਾ ਕਰੇ:*

*ਜਿਸ ਵਿੱਚ...ਅਸੀਂ ਵਿਰਾਸਤ ਪ੍ਰਾਪਤ ਕੀਤੀ,...*

170 ਔਹ, ਭਾਈ ਨੇਵਿਲ, ਮੈਨੂੰ ਇਹ ਸਮਾਂ ਲੈਣ ਲਈ ਮਾਫ਼ ਕਰਨਾ। ਮੈਂ...ਉਹ ਸ਼ਬਦ "ਵਿਰਾਸਤ।" ਔਹ-ਔਹ-ਔਹ-ਔਹ! ਔਹ, ਇਹ ਹੋਣਾ ਹੀ ਸੀ! ਔਹ-ਔਹ-ਔਹ-ਔਹ! ਮੈਂ ਜਾਣਦਾ ਹਾਂ ਉਹ...ਇਹ ਮੇਰਾ ਰਿਸ਼ਤੇਦਾਰ ਭਰਾ ਹੈ। ਮੈਂ ਨਹੀਂ...ਮੈਨੂੰ ਉਮੀਦ ਹੈ ਕਿ ਮੈਂ ਪਾਗਲ ਨਹੀਂ ਹਾਂ। ਮੈਂ—ਮੈਂ—ਮੈਂ ਬਸ...ਮੈਨੂੰ ਨਹੀਂ ਲਗਦਾ ਕਿ ਮੈਂ ਹਾਂ। ਪਰ, ਔਹ, ਮੇਰੇ! ਇੱਕ ਕੀ? "ਇੱਕ ਵਿਰਾਸਤ।" ਸਾਨੂੰ ਇੱਕ ਵਿਰਾਸਤ ਮਿਲੀ ਹੈ। ਕਿਸੇ ਨੇ ਤੁਹਾਡੇ ਲਈ ਕੁਝ ਤਾਂ ਛੱਡਣਾ ਹੈ। ਪਰਮੇਸ਼ੁਰ ਨੇ, ਜਗਤ ਦੀ ਨੀਂਹ ਧਰਨ ਤੋਂ ਪਹਿਲਾਂ, ਤੁਹਾਡੇ ਲਈ ਕੁਝ ਰੱਖ ਛੱਡਿਆ। ਪੁਸਤਕ ਵਿੱਚ ਇੱਕ ਲਿਖਿਆ ਹੋਇਆ ਨਾਮ, ਕਿ ਜਦੋਂ ਲੇਲਾ ਘਾਤ ਕੀਤਾ ਜਾਵੇਗਾ ਤਾਂ ਤੁਸੀਂ ਇਸ ਨਾਲ ਪਛਾਣੇ ਜਾਵੋਗੇ। ਔਹ! ਚਲੋ ਇਸ ਨੂੰ ਅੱਜ ਰਾਤ ਲਈ ਰੱਖ ਲੈਂਦੇ ਹਾਂ। ਚਲੋ ਥੋੜਾ ਜਿਹਾ ਅੱਗੇ ਪੜ੍ਹਦੇ ਹਾਂ। ਮੇਰੇ, ਮੇਰੇ! ਅਸੀਂ ਅੱਜ ਰਾਤ ਨੂੰ ਤੀਜੀ ਆਇਤ, ਜਾਂ ਤੀਜੇ ਅਧਿਆਇ ਤੱਕ ਕਿਵੇਂ ਜਾਵਾਂਗੇ? ਅਸੀਂ ਤਾਂ ਇਸ ਵਿਚੋਂ ਚਾਰ ਜਾਂ ਪੰਜ ਆਇਤਾਂ ਵੀ ਨਹੀਂ ਲਈਆਂ। ਹੁਣ ਅਸੀਂ ਸਮਾਪਤ ਕਰਨ ਲਈ ਤਿਆਰੀ ਕਰ ਰਹੇ ਹਾਂ, ਹਾਲਾਂਕਿ, ਮੈਨੂੰ ਬੱਸ ਇਸ ਨੂੰ ਪੜ੍ਹਨਾ ਪਵੇਗਾ ਅਤੇ ਇਸ ਨੂੰ ਛੱਡ ਦੇਣਾ ਪਵੇਗਾ।

*ਜਿਸ ਵਿਚ ਸਾਨੂੰ ਵਿਰਾਸਤ ਮਿਲੀ ਹੈ,...*

171 ਕੀ? ਸਾਨੂੰ ਇੱਥੇ ਵਿਰਾਸਤ ਕਿਵੇਂ ਮਿਲੇਗੀ? ਸਾਨੂੰ ਇਹ ਕਿਵੇਂ ਮਿਲੀ? ਕਿਉਂਕਿ ਅਸੀਂ ਸਿੱਧੇ ਚਲਦੇ ਹਾਂ? ਸਾਨੂੰ ਇਹ ਵਿਰਾਸਤ ਕਿਵੇਂ ਮਿਲਦੀ ਹੈ? ਕਿਉਂਕਿ ਅਸੀਂ ਪਹਿਲਾਂ ਤੋਂ ਠਹਿਰਾਏ ਗਏ ਸੀ। ਆਮੀਨ। ਵਾਹ! ਮੇਰੇ ਅਰਮੀਨੀਅਨ ਭਰਾਵੋ, ਮੈਂ ਜਾਣਦਾ ਹਾਂ ਕਿ ਇਹ ਬਹੁਤ ਔਖਾ ਹੈ। ਮੈਂ ਠੇਸ ਪਹੁੰਚਾਉਣ ਦਾ ਟੀਚਾ ਨਹੀਂ ਰੱਖਦਾ, ਪਰ ਸਿਰਫ ਇਹ ਜਾਣ ਕੇ ਮੈਨੂੰ ਬਹੁਤ ਚੰਗਾ ਲੱਗਦਾ ਹੈ ਕਿ ਇਹ...ਤੁਸੀ—ਤੁਸੀਂ—ਤੁਸੀਂ ਇਹ ਸਮਝ ਗਏ, ਤੁਸੀਂ ਸਮਝ ਗਏ, ਭਾਈ, ਠੀਕ ਹੈ। ਤੁਸੀਂ ਬਸ ਇਸ ਨੂੰ ਨਹੀਂ ਸਮਝਦੇ। ਤੁਹਾਨੂੰ ਇਹ ਇਕੋ ਜਿਹਾ ਦੱਸਿਆ ਗਿਆ ਹੈ। ਸਮਝੇ? ਤੁਸੀਂ ਠੀਕ ਹੋ, ਦੇਖੋ, ਤੁਸੀਂ ਬਿਲਕੁਲ ਠੀਕ ਹੋ। ਸਮਝੇ? ਪਰ, ਔਹ, ਪਰ ਇਸ ਨੂੰ ਵੇਖਣਾ ਇਹ ਬਹੁਤ ਚੰਗਾ ਹੈ। ਹਾਂ। ਬਿਲਕੁਲ ਜਿਵੇਂ ਭਾਈ ਨੇਵਿਲ ਨੇ ਮੇਲੇ ਬਾਰੇ ਕਿਹਾ ਸੀ, ਕੱਲ੍ਹ, "ਆਪਣੇ ਲਈ ਇੱਕ ਪੌੜੀ ਲਵੋ ਅਤੇ ਵੇਖੋ ਕਿ ਉਥੇ ਤੁਹਾਡੇ ਲਈ ਕੀ ਕੁਝ ਹੈ।" ਹਾਂ, ਸ਼੍ਰੀ ਮਾਨ। ਇਹ ਇਸੇ ਤਰ੍ਹਾਂ ਹੈ। ਪਰਮੇਸ਼ੁਰ ਦਾ ਪਵਿੱਤਰ ਆਤਮਾ ਸਾਨੂੰ ਇਹ ਦੱਸਣ ਲਈ ਇੱਕ ਪੌੜੀ ਹੈ ਕਿ ਸਾਡੇ ਲਈ ਕੀ ਕੁਝ ਹੈ। ਸਮਝੇ?

172 ਵੇਖੋ, ਇੱਕ ਵਿਰਾਸਤ। ਔਹ, ਮੇਰੇ! "ਜਾ ਕੇ..." ਕਿਸ ਕਿਸਮ ਦੀ ਵਿਰਾਸਤ?

> *...ਉਸੇ ਵਿੱਚ ਅਸੀਂ ਵੀ ਅੱਗੋ ਹੀ ਠਹਿਰਾਏ ਜਾ ਕੇ ਉਹ ਦੀ ਧਾਰਨਾ ਮੂਜਬ ਜਿਹੜਾ ਆਪਣੀ ਇੱਛਿਆ ਦੇ ਮਤੇ ਅਨੁਸਾਰ ਸੱਭੋ ਕੁਝ ਕਰਦਾ ਹੈ:*

173 ਜਦੋਂ ਉਹ ਸੀ...ਉਹ ਪਿਤਾ ਹੋਣ ਤੋਂ ਪਹਿਲਾਂ, ਪਰਮੇਸ਼ੁਰ ਹੋਣ ਤੋਂ ਪਹਿਲਾਂ, ਇਕ ਮੁਕਤੀਦਾਤਾ ਹੋਣ ਤੋਂ ਪਹਿਲਾਂ, ਇਕ ਚੰਗਾ ਕਰਨ ਵਾਲਾ ਹੋਣ ਤੋਂ ਪਹਿਲਾਂ, ਇਸ ਸਭ ਤੋਂ ਪਹਿਲਾਂ, ਉਸ ਨੇ ਅੱਗੋ ਹੀ ਠਹਿਰਾਇਆ, ਲੇਲੇ ਦਾ ਨਾਮ ਕਿਤਾਬ ਵਿੱਚ ਰੱਖ ਦਿਤਾ, ਉਸਦੇ ਪੂਰਵ ਗਿਆਨ ਦੁਆਰਾ ਹੇਠਾਂ ਵੇਖਿਆ ਅਤੇ ਤੁਹਾਡਾ ਨਾਮ ਵੇਖਿਆ, ਇਸਨੂੰ ਵੀ ਉਥੇ ਰੱਖ ਦਿਤਾ। ਇਹ ਕੀ ਹੈ? ਅਤੇ ਕੁਝ ਸਮੇਂ ਬਾਅਦ ਅਸੀਂ ਸੰਸਾਰ ਵਿੱਚ ਆਉਂਦੇ ਹਾਂ, ਪਾਪੀ ਮਾਪਿਆਂ ਦੁਆਰਾ ਜਨਮ ਲੈ ਕੇ; ਅਸੀਂ ਦੁਨੀਆ ਵਿੱਚ ਘੁੰਮਦੇ ਹਾਂ, ਤੁਸੀਂ ਜਾਣਦੇ ਹੋ। ਸਭ ਤੋਂ ਪਹਿਲਾਂ ਤੁਸੀਂ ਜਾਣਦੇ ਹੋ, ਜਿਵੇਂ ਕਿ ਉਸ ਛੋਟੇ ਟੇਢੇ-ਨੱਕ ਵਾਲਾ ਯਹੂਦੀ, ਪੌਲੁਸ, ਤੁਸੀਂ ਜਾਣਦੇ ਹੋ, ਅਤੇ—ਅਤੇ ਉਹ ਬਾਹਰ ਜਾ ਰਿਹਾ ਸੀ, ਅਤੇ, ਸਭ ਤੋਂ ਪਹਿਲੀ ਚੀਜ, ਕਿਸੇ ਨੇ ਕਿਹਾ, "ਇਥੇ, ਇਥੇ, ਇਥੇ, ਇਥੇ, ਇਥੇ!"

ਤੁਸੀਂ ਕਹਿੰਦੇ ਹੋ, "ਔਹ, ਅੱਬਾ, ਪਿਤਾ!"

174 ਇਥੇ ਅਸੀਂ ਆਉਣਾ ਸ਼ੁਰੂ ਕਰਦੇ ਹਾਂ, ਸਮਝੇ। ਸਾਨੂੰ ਉਸ ਵਿੱਚ ਆਪਣੀ ਵਿਰਾਸਤ ਲਈ ਅੱਗੋ ਹੀ ਠਹਿਰਾਇਆ, ਜੋ ਸਾਡੇ ਲਈ ਅੱਗੋ ਹੀ ਠਹਿਰਾਈ

ਗਈ ਸੀ। ਦੇਖੋ, ਅਸੀਂ ਇਸਨੂੰ ਜਗਤ ਦੀ ਨੀਂਹ ਤੋਂ ਪਹਿਲਾਂ ਵਿਰਾਸਤ ਵਿਚ ਪ੍ਰਾਪਤ ਕੀਤਾ ਹੈ। ਸਮਝੇ? ਔਹ! ਉਹ ਦੀ ਧਾਰਨਾ ਮੂਜਬ, ਉਸਦੀ ਆਪਣੀ ਇੱਛਿਆ ਦੇ ਮਤੇ ਅਨੁਸਾਰ ਪੂਰਾ ਕਰਨ ਲਈ, ਇਹੀ ਸੀ, ਇੱਕ ਪਰਮੇਸ਼ੁਰ ਅਤੇ ਮੁਕਤੀਦਾਤਾ ਬਣਨਾ।

*ਉਸ ਵਿੱਚ ਜਿਸ ਵੇਲੇ ਤੁਸਾਂ ਸਚਿਆਈ ਦੇ ਬਚਨ ਸੁਣ ਕੇ ਉਸ ਵਿੱਚ ਨਿਹਚਾ ਵੀ ਕੀਤੀ,...*

175 ਅਤੇ ਸੱਚਾਈ ਕੌਣ ਹੈ? ਯਿਸੂ ਸੱਚਾਈ ਹੈ, ਖੁਸ਼ਖਬਰੀ ਦੀ ਸੱਚਾਈ ਹੈ। ਕਿਹੜੀ ਖੁਸ਼ਖਬਰੀ? ਇੱਥੇ ਕੇਵਲ ਇੱਕ ਹੀ ਖੁਸ਼ਖਬਰੀ ਹੈ। ਗਲਾਤੀਆਂ 1, ਨੇ ਕਿਹਾ, "ਭਾਵੇਂ ਸੁਰਗ ਤੋਂ ਕੋਈ ਦੂਤ ਉਸ ਖੁਸ਼ ਖਬਰੀ ਤੋਂ ਬਿਨਾ ਜਿਹੜੀ ਅਸਾਂ ਤੁਹਾਨੂੰ ਸੁਣਾਈ ਸੀ ਕੋਈ ਹੋਰ ਖੁਸ਼ ਖਬਰੀ ਤੁਹਾਨੂੰ ਸੁਣਾਵੇ, ਤਾਂ ਉਹ ਸਰਾਪਤ ਹੋਵੇ।" ਇਹ ਖੁਸ਼ਖਬਰੀ ਹੈ, ਤੁਹਾਡੀ ਮੁਕਤੀ ਦੀ ਖੁਸ਼ਖਬਰੀ; ਕੋਈ ਹੋਰ ਨਹੀਂ, ਹੋਰ ਕੋਈ ਨਹੀਂ ਹੈ। "ਨਹੀਂ—ਆਕਾਸ਼ ਦੇ ਹੇਠਾਂ ਕੋਈ ਹੋਰ ਨਾਮ ਨਹੀਂ ਜਿਸਦੇ ਦੁਆਰਾ ਤੁਹਾਨੂੰ ਬਚਾਇਆ ਜਾਣਾ ਹੈ।" ਪਰ ਕਿਸ ਦੇ ਨਾਮ ਵਿਚ? [ਕਲੀਸਿਯਾ ਕਹਿੰਦੀ ਹੈ, "ਪ੍ਰਭੂ ਯਿਸੂ ਮਸੀਹ।"—ਸੰਪਾਦਕ।] ਔਹ, ਮੈਂ!

*...ਉਸ ਵਿੱਚ...ਨਿਹਚਾ ਭੀ ਕੀਤੀ, ਤਾਂ ਵਾਇਦੇ ਦੇ ਪਵਿੱਤਰ ਆਤਮਾ ਨਾਲ ਤੁਹਾਡੇ ਉੱਤੇ ਵੀ ਮੋਹਰ ਲੱਗੀ...*

176 ਔਹ, "ਤੁਹਾਡੇ ਨਿਹਚਾ ਕਰਨ ਤੋਂ ਬਾਅਦ!" ਅਸੀਂ ਕਿਵੇਂ ਇਸ ਤੋਂ ਭੱਜ ਸਕਦੇ ਹਾਂ, ਭਾਈ? ਚਲੋ ਇਸ ਨੂੰ ਅੱਜ ਰਾਤ ਲਈ ਛੱਡ ਦਿਉ, ਤੁਸੀਂ ਕੀ ਕਹਿੰਦੇ ਹੋ? ਔਹ, ਮੇਰੇ! ਮੈਂ—ਮੈਂ ਬੱਸ ਇਸ ਤੋਂ ਅੱਗੇ—ਅੱਗੇ ਨਹੀਂ ਜਾ ਸਕਦਾ। ਚਲੋ ਇਸ ਨੂੰ ਅੱਜ ਰਾਤ ਲਈ ਛੱਡ ਦੇਈਏ। ਮੈਂ ਬੱਸ ਉਹ ਸ਼ਬਦ ਨਹੀਂ ਛੱਡ ਸਕਦਾ "ਮੋਹਰ," ਤੁਸੀਂ ਕਿਵੇਂ ਉਸ ਵਿਚ ਪਹੁੰਚਦੇ ਹੋ, ਵੇਖੋ।

177 ਅੱਗੋ ਹੀ ਠਹਿਰਾਏ ਜਾਣ ਦੁਆਰਾ ਵਿਰਾਸਤ। ਮੈਨੂੰ ਕੁਝ ਵਿਰਾਸਤ ਵਿਚ ਮਿਲਿਆ ਹੈ। ਕਿਹੜੀ ਵਿਰਾਸਤ? ਕਿਸੇ ਨੂੰ ਤਾਂ ਮੇਰੇ ਲਈ ਇੱਕ ਵਿਰਾਸਤ ਛੱਡਣੀ ਹੀ ਸੀ। ਕਿਉਂ, ਤੁਸੀਂ ਕਹਿੰਦੇ ਹੋ, "ਯਿਸੂ ਨੇ ਤੁਹਾਡੇ ਲਈ ਵਿਰਾਸਤ ਛੱਡ ਦਿੱਤੀ।" ਮਾਫ ਕਰਨਾ! ਯਿਸੂ ਨੇ ਕਦੇ ਵੀ ਮੇਰੇ ਲਈ ਵਿਰਾਸਤ ਨਹੀਂ ਛੱਡੀ, ਯਿਸੂ ਨੇ ਤੁਹਾਡੇ ਲਈ ਕਦੇ ਕੋਈ ਵਿਰਾਸਤ ਨਹੀਂ ਛੱਡੀ; ਉਹ ਸਿਰਫ ਹੇਠਾਂ ਆਇਆ ਅਤੇ ਤੁਹਾਡੀ ਵਿਰਾਸਤ ਲਈ ਭੁਗਤਾਨ ਕੀਤਾ, ਤੁਹਾਨੂੰ ਤੁਹਾਡੀ ਵਿਰਾਸਤ ਵਿੱਚ ਲਿਆਇਆ। ਪਰ ਤੁਹਾਡਾ ਨਾਮ ਜਗਤ ਦੀ ਨੀਂਹ ਤੋਂ ਪਹਿਲਾਂ ਲੇਲੇ ਦੀ ਜੀਵਨ ਦੀ ਕਿਤਾਬ ਵਿਚ ਰੱਖਿਆ ਗਿਆ ਸੀ। ਪਰਮੇਸ਼ੁਰ ਤੁਹਾਨੂੰ ਤੁਹਾਡੀ ਵਿਰਾਸਤ ਦੇ ਦਵੇ। ਤੁਹਾਡੀ ਵਿਰਾਸਤ ਤਾਂ ਪਹਿਲਾਂ ਹੀ ਸੀ। ਯਿਸੂ ਕੇਵਲ ਆਇਆ...ਬਹੁਤ ਸਾਰੇ, ਉਹ ਇਸ ਤਰ੍ਹਾਂ ਕਰਨ ਦੀ ਕੋਸ਼ਿਸ਼ ਕਰਦੇ

ਹਨ, "ਪਰਮੇਸ਼ੁਰ ਨੇ ਕਿਹਾ, 'ਖੈਰ, ਬਹੁਤ ਸਾਰੇ ਲੋਕ ਨਾਸ਼ ਹੋ ਚੁੱਕੇ ਹਨ। ਉਨ੍ਹਾਂ ਵਿਚੋਂ ਇਕ ਵੀ ਨਹੀਂ ਬਚੇਗਾ, ਇਸ ਲਈ ਮੈਂ ਯਿਸੂ ਨੂੰ ਹੇਠਾਂ ਭੇਜਾਂਗਾ ਅਤੇ ਸ਼ਾਇਦ ਉਹ...ਕੋਈ ਅਫ਼ਸੋਸ ਮਹਿਸੂਸ ਕਰੇ, ਅਤੇ ਇਹ ਜਾਣਨ ਕਿ ਮੈਂ ਉਹਨਾਂ ਨੂੰ ਬਚਾਉਣ ਲਈ ਕੀ ਕੀਤਾ ਹੈ।'" ਔਹ, ਕਿਰਪਾ! ਮੈਂ ਆਪਣਾ ਦਫਤਰ ਇਸ ਤਰ੍ਹਾਂ ਨਹੀਂ ਚਲਾਵਾਂਗਾ, ਭਾਵੇਂ ਮੈਂ ਕਈ ਵਾਰ ਮਾੜੇ ਤਰੀਕੇ ਨਾਲ ਚਲਾਉਂਦਾ ਹਾਂ। ਸਮਝੇ? ਮੈਂ—ਮੈਂ ਇਸ ਨੂੰ ਇੰਝ ਨਹੀਂ ਕਰਾਂਗਾ। ਤਾਂ ਫਿਰ ਪਰਮੇਸ਼ੁਰ ਬਾਰੇ ਕੀ ਹੈ?

178 ਪਰਮੇਸ਼ੁਰ ਨੇ, ਆਪਣੇ ਪੂਰਵ ਗਿਆਨ ਦੁਆਰਾ, ਵੇਖਿਆ ਕਿ ਕਿਸ ਨੂੰ ਬਚਾਇਆ ਜਾਵੇਗਾ ਅਤੇ ਕਿਸ ਨੂੰ ਨਹੀਂ ਬਚਾਇਆ ਜਾਵੇਗਾ, ਉਸਨੇ ਯਿਸੂ ਨੂੰ ਉਨ੍ਹਾਂ ਲੋਕਾਂ ਨੂੰ ਬਚਾਉਣ ਲਈ ਭੇਜਿਆ ਜੋ ਉਸਨੇ ਪਹਿਲਾਂ ਹੀ ਚੁਣੇ ਸਨ। ਕੀ ਪੌਲੁਸ ਨੇ ਨਹੀਂ ਕਿਹਾ, ਇਸ ਤੋਂ ਪੰਜ ਆਇਤਾਂ ਪਹਿਲਾਂ, ਕਿ "ਉਸਨੇ ਜਗਤ ਦੇ ਹੋਣ ਤੋਂ ਵੀ ਪਹਿਲਾਂ ਉਸ ਵਿੱਚ ਸਾਨੂੰ ਚੁਣਿਆ ਸੀ"? ਇਹੀ ਸਾਡੀ ਵਿਰਾਸਤ ਹੈ। ਪਰਮੇਸ਼ੁਰ ਨੇ ਸਾਨੂੰ ਚੁਣਿਆ ਹੈ, ਅਤੇ ਯਿਸੂ ਨੂੰ ਆ ਕੇ ਕੀਮਤ ਦਾ ਭੁਗਤਾਨ ਕਰਨ ਦਿਤਾ। ਉਹ ਕੀ? ਉਸਦਾ ਲਹੂ ਵਹਾਉਣਾ, ਕਿ ਸਾਡਾ ਕੋਈ ਵੀ ਪਾਪ ਗਿਣਿਆ ਨਾ ਜਾਵੇ। ਤੁਸੀਂ ਕੁਝ ਵੀ ਨਹੀਂ ਕੀਤਾ। ਪਰ ਜੇ ਤੁਸੀਂ...

179 "ਉਹ ਜਿਹੜਾ ਸੱਚ ਦੇ ਗਿਆਨ ਨੂੰ ਪ੍ਰਾਪਤ ਕਰਨ ਦੇ ਬਾਅਦ ਜਾਣ ਬੁੱਝ ਕੇ ਪਾਪ ਕਰਦਾ ਹੈ, ਇਸ ਤੋਂ ਅੱਗੇ ਕੋਈ ਬਲੀਦਾਨ ਨਹੀਂ ਹੈ।"

180 ਹੁਣ, ਅਤੇ ਉਥੇ ਹੈ ਜਿਥੇ ਤੁਸੀਂ ਦੁਬਾਰਾ ਉੱਠੋਗੇ, ਕਹੋਗੇ, "ਇਸ ਬਾਰੇ ਕੀ ਹੈ, ਭਾਈ ਬ੍ਰਨਹਾਮ?"

181 ਪਰ ਬਸ ਯਾਦ ਰੱਖੋ, ਵੇਖੋ, "ਜਿਸਨੇ ਸੱਚ ਦਾ *ਗਿਆਨ* ਪ੍ਰਾਪਤ ਕੀਤਾ ਹੈ।" ਉਹਨਾਂ ਨੂੰ ਸੱਚ ਕਦੇ ਨਹੀਂ ਮਿਲਿਆ, ਉਹਨਾਂ ਨੇ ਇਸਦਾ ਗਿਆਨ ਪ੍ਰਾਪਤ ਕੀਤਾ। ਸਮਝੇ? ਕਿਉਂਕਿ ਓਹ ਜਿਹੜੇ ਇੱਕ ਵਾਰੀ ਉਜਿਆਲੇ ਕੀਤੇ ਗਏ, ਅਤੇ ਪਵਿੱਤਰ ਆਤਮਾ ਵਿੱਚ ਸਾਂਝੀ ਹੋਏ, ਅਤੇ ਪਰਮੇਸ਼ੁਰ ਦੇ ਸ਼ੁਭ ਬਚਨ ਦਾ ਸੁਆਦ ਚੱਖਿਆ। ਉਹਨਾਂ ਕਿਨਾਰੇ ਦੇ ਵਿਸ਼ਵਾਸੀਆਂ ਵਾਂਗ। ਉਸ ਉੱਤੇ ਕਈਆਂ ਨੇ ਮੈਨੂੰ ਚਿੱਠੀਆਂ ਲਿਖੀਆਂ ਹਨ।

182 ਉਹ ਕਿਨਾਰੇ ਦੇ ਵਿਸ਼ਵਾਸੀ ਬਿਲਕੁਲ ਉਸਦੇ ਨੇੜੇ ਗਏ, ਯਹੋਸ਼ੁਆ ਅਤੇ ਕਾਲੇਬ ਉਸ ਵਿੱਚ ਚਲੇ ਗਏ ਸਨ। ਕਿਉਂ? ਹੁਣ ਅਸੀਂ ਉਸ ਪਵਿੱਤਰ ਆਤਮਾ ਨੂੰ ਉਹ ਧਰਤੀ ਦੇ ਨਾਮ ਨਾਲ ਬੁਲਾਉਣ ਜਾ ਰਹੇ ਹਾਂ। ਉਹ *ਇੱਥੇ* ਵਾਪਸ ਆ ਗਏ ਹਨ। ਜਾਂ *ਇਥੇ*, ਕਹਿੰਦੇ ਹਨ *ਇਹ* ਪਵਿੱਤਰ ਆਤਮਾ ਹੈ, ਅਤੇ ਉਹ *ਇਥੇ* ਵਾਪਸ ਆ ਗਏ ਹਨ, ਤੁਸੀਂ ਵੇਖੋ। ਉਹੀ ਉਹ ਥਾਂ ਹੈ ਜਿਥੇ ਵਾਅਦਾ ਹੈ, ਉਹ *ਉਥੇ* ਹੈ। "'ਖੈਰ, ਜੇ ਉਹਨਾਂ ਦਸ ਜਾਸੂਸ ਭੇਜੇ ਸਨ, ਹਰੇਕ ਗੋਤ ਵਿਚੋਂ ਇਕ,

ਤਾਂ ਜੋ ਸਾਡੇ ਸਾਰੇ ਗੋਤ ਜਾਣ ਸਕਣ ਕਿ ਸਾਡੀ ਵਿਰਾਸਤ ਕੀ ਹੈ, ਜਿਥੇ ਸਭਨਾਂ ਨੂੰ ਸਥਾਨ ਤੇ ਰੱਖਿਆ ਜਾਵੇਗਾ, ਜਿਥੇ ਸਾਨੂੰ ਸਥਾਨ ਤੇ ਰੱਖਿਆ ਜਾਵੇਗਾ।' ਸੋ, ਮੈਂ ਕੁਝ ਜਾਸੂਸ ਭੇਜਣ ਜਾ ਰਿਹਾ ਹਾਂ।"

183 ਉਹ ਸਾਰੇ ਉਥੇ ਆ ਗਏ, "ਔਹ, ਮੇਰੇ! ਨਹੀਂ। ਸਾਨੂੰ ਉਸ ਸਮੇਂ ਤੋਂ, ਪਵਿੱਤਰ-ਪਖੰਡੀ ਕਿਹਾ ਜਾਵੇਗਾ। ਨਹੀਂ, ਹੂੰ-ਊਂ, ਅਸੀਂ ਇਹ ਨਹੀਂ ਕਰ ਸਕਦੇ।" ਵੇਖਿਆ?

184 ਯਹੋਸ਼ੁਆ ਅਤੇ ਕਾਲੇਬ ਨੇ ਕਿਹਾ, "ਮੈਂ ਵੇਖਾਂਗਾ ਕਿ ਇਹ ਕਿਹੋ ਜਿਹਾ ਲਗਦਾ ਹੈ।" ਇਸ ਲਈ ਉਹ ਇਥੇ ਆ ਗਏ ਅਤੇ ਚਾਰੇ ਪਾਸੇ ਵੇਖਿਆ। ਮੇਰੇ, ਉਹ ਉਥੇ ਪਹੁੰਚੇ ਅਤੇ ਉਨ੍ਹਾਂ ਦੇ ਅੰਗੂਰਾਂ ਦਾ ਇੱਕ ਵੱਡਾ ਗੁੱਛਾ ਲੈ ਕੇ ਵਾਪਸ ਪਰਤ ਆਏ। ਕਿਹਾ, "ਲੜਕੇ, ਉਹ ਠੀਕ ਹੈ, ਉਹ ਬਿਲਕੁਲ ਠੀਕ ਹੈ! ਇਥੇ, ਉਨ੍ਹਾਂ ਵਿਚੋਂ ਕੁਝ ਨੂੰ ਲਓ, ਉਹ ਸਚਮੁਚ ਚੰਗੇ ਹਨ!"

185 "ਔਹ, ਇਹ ਚੰਗਾ ਹੈ, ਪਰ, ਔਹ, ਵੇਖੋ ਉਨ੍ਹਾਂ ਵੱਡੇ...ਔਹ, ਅਸੀਂ ਇਹ ਨਹੀਂ ਕਰ ਸਕਦੇ। ਉਨ੍ਹਾਂ ਸਾਰੇ ਵੱਡੇ ਨਾਮਧਾਰੀ ਗਿਰਜਿਆਂ ਦੇ ਵਿਰੁੱਧ ਖੜੇ ਹੋਣਾ, ਉਨ੍ਹਾਂ ਸਾਰੀਆਂ ਵੱਡੀਆਂ ਚੀਜ਼ਾਂ ਦੇ ਵਿਰੁੱਧ? ਔਹ, ਇਹ ਬਹੁਤ ਬੁਰਾ ਹੈ, ਅਸੀਂ ਇਹ ਨਹੀਂ ਕਰ ਸਕਦੇ। ਨਹੀਂ, ਸ਼੍ਰੀ ਮਾਨ! ਕੋਈ ਫਰਕ ਨਹੀਂ ਪੈਂਦਾ ਕਿ ਇਹ ਕੌਣ ਹੈ, ਅਸੀਂ ਨਹੀਂ ਕਰਾਂਗੇ। ਨਹੀਂ, ਸ਼੍ਰੀ ਮਾਨ।" ਅਤੇ ਉਹ ਕਹਿਣਾ ਸ਼ੁਰੂ ਕਰ ਦਿੰਦੇ ਹਨ, "ਔਹ, ਚਲੋ ਵਾਪਸ ਮਿਸਰ ਦੇ ਐਸੋ ਆਰਾਮ ਵਿੱਚ ਜਾਈਏ। ਸਾਨੂੰ ਉਥੇ ਹੀ ਰਹਿਣਾ ਚਾਹੀਦਾ ਸੀ। ਅਸੀਂ ਇਹ ਨਹੀਂ ਕਰ ਸਕਦੇ, ਇਹ ਰਾਹ ਬਹੁਤ ਤੰਗ ਹੈ। ਅਸੀਂ ਜਾਣਦੇ ਹਾਂ ਕਿ ਅਸੀਂ *ਇਹ* ਨਹੀਂ ਕਰ ਸਕਦੇ, ਅਸੀਂ *ਇਸ* ਨੂੰ ਨਹੀਂ ਕਰ ਸਕਦੇ।"

186 ਬੁੱਢੇ ਕਾਲੇਬ ਨੇ ਕਿਹਾ, "ਤੁਸੀਂ ਸਾਰੇ ਸਥਿਰ ਰਹੋ, ਤੁਸੀਂ ਸਾਰੇ!" ਯਹੋਸ਼ੁਆ ਨੇ ਕਿਹਾ, "ਚੁੱਪ ਰਹੋ, ਤੁਹਾਡੇ ਵਿਚੋਂ ਹਰੇਕ ਆਪਣਾ ਮੂੰਹ ਬੰਦ ਕਰੋ! ਮੈਨੂੰ ਕੁਝ ਕਹਿਣ ਦਿਓ।"

187 "ਔਹ, ਹਾਏ, ਹਾਏ, ਹਾਏ, ਅਸੀਂ ਇਹ ਨਹੀਂ ਕਰ ਸਕਦੇ! ਔਹ, ਅਸੀਂ ਨਹੀਂ ਕਰ ਸਕਦੇ। ਅੱਛਾ, ਜੇ ਮੈਨੂੰ ਆਪਣੀ ਤਾਸ਼ ਪਾਰਟੀ ਛੱਡਣੀ ਪਵੇਗੀ, ਭਾਈ ਬ੍ਰਨਹਾਮ! ਜੇ ਮੈਨੂੰ ਆਪਣੇ ਵਾਲਾਂ ਨੂੰ ਕਿਸੇ ਬੁੱਢੀ ਔਰਤ ਦੀ ਤਰ੍ਹਾਂ ਵਧਾਉਣਾ ਪੈਣਾ ਹੈ, ਮੈਨੂੰ ਨਹੀਂ ਪਤਾ ਕਿ ਮੈਂ ਕੀ ਕਰਾਂਗੀ। ਜੇ ਮੈਨੂੰ ਆਪਣੀਆਂ ਛੋਟੀਆਂ ਨਿੱਕਰਾਂ ਤਿਆਗਣੀਆਂ ਪੈਣੀਆਂ ਹਨ, ਮੈਂ—ਮੈਂ—ਮੈਂ, ਮੇਰੇ ਤੋਂ, ਇਹ ਨਹੀਂ ਹੋ ਸਕਦਾ, ਤੁਸੀਂ ਜਾਣਦੇ ਹੋ। ਅਤੇ ਜੇ ਮੈਨੂੰ ਸਿਗਾਰ ਛੱਡਣੀ ਪੈਣੀ ਹੈ, ਜੇ ਮੈਨੂੰ ਇੰਝ ਕਰਨਾ ਪੈਣਾ ਹੈ!" ਤੁਸੀਂ ਮਾੜੀ ਸੋਚ ਦੀ ਮਿਸਾਲ ਹੋ। ਹਾਂ। "ਬੱਸ ਇਸ ਨੂੰ ਕਰ ਹੀ ਨਹੀਂ ਸਕਦੇ।"

188 ਯਹੋਸ਼ੁਆ ਨੇ ਕਿਹਾ, “ਔਹ, ਇਹ ਚੰਗਾ ਹੈ। ਹਾਲੇਲੂਯਾਹ! ਅਸੀਂ ਇਹ ਲੈ ਸਕਦੇ ਹਾਂ।” ਇਹ ਕੀ ਸੀ? ਉਹ ਉਨ੍ਹਾਂ ਵੱਡੇ ਸ਼ਹਿਰਾਂ ਵੱਲ ਦੇਖ ਰਹੇ ਸਨ ਜੋ ਕੰਧ ਨਾਲ ਸੁਰਖਿਅਤ ਕੀਤੇ ਹੋਏ ਸਨ। ਪਰ ਯਹੋਸ਼ੁਆ ਅਤੇ ਕਾਲੇਬ ਪਰਮੇਸ਼ੁਰ ਦੁਆਰਾ ਕੀਤੇ ਇਕ ਵਾਅਦੇ ਵੱਲ ਵੇਖ ਰਹੇ ਸਨ। ਵਚਨ ਨਾਲ ਬਣੇ ਰਹੋ, ਕੋਈ ਫ਼ਰਕ ਨਹੀਂ ਪੈਂਦਾ ਕਿ ਤੁਸੀਂ ਕੌਣ ਹੋ। ਵਚਨ ਨਾਲ ਬਣੇ ਰਹੋ!

189 ਕਿਉਂਕਿ ਪਤਰਸ ਨੇ ਕਿਹਾ, “ਤੁਹਾਡੇ ਵਿਚੋਂ ਹਰ ਇਕ, ਤੋਬਾ ਕਰੇ, ਅਤੇ ਆਪੋ ਆਪਣੇ ਪਾਪਾਂ ਦੀ ਮਾਫ਼ੀ ਲਈ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲਵੇ, ਕਿਉਂਕਿ ਵਾਅਦਾ ਤੁਹਾਡੇ ਲਈ ਹੈ,” (ਕਿਹੜੀ ਵਾਅਦਾ ਕੀਤੀ ਹੋਈ ਧਰਤੀ?) “ਅਤੇ ਤੁਹਾਡੇ ਬੱਚਿਆਂ ਨੂੰ, ਅਤੇ ਉਨ੍ਹਾਂ ਲਈ ਜਿਹੜੇ ਦੂਰ ਹਨ, ਇੱਥੋਂ ਤਕ ਕਿ ਜਿੰਨਿਆਂ ਨੂੰ ਵੀ ਪ੍ਰਭੂ ਸਾਡਾ ਪਰਮੇਸ਼ੁਰ ਬੁਲਾਵੇਗਾ।”

190 ਕ੍ਰਿਪਾ ਕਰਕੇ ਇਸ ਨਾਲ ਦੁਖੀ ਨਾ ਹੋਣਾ, ਬੰਦ ਕਰ ਰਿਹਾ ਹਾਂ, ਕਿਰਪਾ ਕਰਕੇ ਨਹੀਂ। ਵੇਖਿਆ? ਉਥੇ ਤੁਸੀਂ ਪਿਲਗ੍ਰੀਮ ਹੋਲੀਨੈਸ ਅਤੇ ਨਾਜਰੀਨ ਵਾਲੇ, ਤੁਸੀਂ ਬਿਲਕੁਲ ਪਵਿੱਤਰਤਾਈ ਤੱਕ ਆ ਜਾਂਦੇ ਹੋ, ਇੱਥੋਂ ਬਿਲਕੁਲ ਉਸ ਜਗ੍ਹਾ ਤੇ ਪਹੁੰਚ ਜਾਂਦੇ ਹੋ ਜਿਥੇ ਤੁਸੀਂ ਅੰਗੂਰ ਵੀ ਦੇਖ ਸਕਦੇ ਹੋ, ਅਤੇ ਫੇਰ ਮੁੜ ਜਾਂਦੇ ਹੋ ਅਤੇ ਵਾਪਸ ਚਲੇ ਜਾਂਦੇ ਹੋ। ਵੇਖੋ ਕੀ ਹੋਇਆ? ਇਹੀ ਗੱਲ ਹੈ, ਤੁਸੀਂ ਕਦੇ ਵੀ ਧਰਤੀ ਵਿਚ ਨਹੀਂ ਗਏ। ਮੈਨੂੰ ਅੱਜ ਇਕ ਨਾਸਰੀ ਜਾਂ ਪਿਲਗ੍ਰੀਮ ਹੋਲੀਨੈਸ, ਜਾਂ ਉਨ੍ਹਾਂ ਵਿਚੋਂ ਕਿਸੇ ਨੂੰ ਵੀ ਮੈਦਾਨ ਵਿਚ ਵਿਖਾਓ, ਜਿਹੜਾ ਚਿਨ੍ਹਾਂ ਅਤੇ ਚਮਤਕਾਰਾਂ ਸਮੇਤ ਮਹਾਨ ਚੰਗਾਈ ਮੁਹਿੰਮਾਂ ਕਰਦਾ ਹੋਵੇ। ਮੈਨੂੰ ਇੱਕ ਦਿਖਾਓ। ਤੁਸੀਂ ਮਿਸਰ ਵਿੱਚ ਵੱਸ ਗਏ ਹੋ, ਲਸਣ ਦੇ ਖੇਤਾਂ ਵਿੱਚ ਵਾਪਸ ਚਲੇ ਗਏ ਹੋ। ਤੁਸੀਂ ਕਾਦੇਸ਼-ਬਰਨੇਆ ਵਿਖੇ ਰੁਕ ਗਏ। ਇਹ ਸਹੀ ਹੈ।

191 ਦੇਖੋ, ਅਤੇ ਮੈਨੂੰ ਤੁਹਾਨੂੰ ਤੁਹਾਡਾ ਸਥਾਨ ਦੇਣ ਦਿਓ, ਇਬਰਾਨੀਆਂ ਦੇ 6ਵੇਂ ਅਧਿਆਇ ਵਿਚ। “ਕਿਉਂਕਿ ਓਹ ਜਿਹੜੇ ਇੱਕ ਵਾਰੀ ਉਜਿਆਲੇ ਕੀਤੇ ਗਏ,” ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ। ਜੇ ਤੁਸੀਂ ਨਹੀਂ ਜਾਣਦੇ, ਤਾਂ ਇਸ ਨੂੰ ਹੁਣ ਜਾਣ ਲਵੋ। ਸਮਝੇ? “ਸੁਰਗੀ ਦਾਨਾਂ ਦਾ ਸੁਆਦ ਚੱਖਿਆ, ਅਤੇ ਪਵਿੱਤਰ ਆਤਮਾ ਵਿੱਚ ਸਾਂਝੀ ਹੋਏ।”

192 ਚੱਖਿਆ, ਦੇਖੋ। ਲੋਕ ਗਿਰਜੇ ਜਾਂਦੇ ਹਨ, ਅਤੇ ਆਸ ਪਾਸ ਬੈਠਦੇ ਹਨ ਅਤੇ ਕਹਿੰਦੇ ਹਨ, “ਤੁਸੀਂ ਜਾਣਦੇ ਹੋ, ਉਹ—ਉਹ ਸਹੀ ਹੋ ਸਕਦੇ ਹਨ। ਉਹ—ਉਹ—ਸਹੀ ਹੋ ਸਕਦੇ ਹਨ। ਇਹ ਬਿਲਕੁਲ ਉਸੇ ਤਰ੍ਹਾਂ ਹੋ ਸਕਦਾ ਹੈ, ਪਰ ਲੜਕੇ, ਮੈਂ ਤੁਹਾਨੂੰ ਦੱਸਦਾ ਹਾਂ, ਇਹ ਕਰਨ ਲਈ ਬਹੁਤ ਵਿਸ਼ਵਾਸ ਚਾਹੀਦਾ ਹੈ।”

193 "ਸੁਰਗੀ ਦਾਨਾਂ ਦਾ ਸੁਆਦ ਚੱਖਿਆ, ਅਤੇ ਨੇਮ ਦਾ ਲਹੂ 'ਐਵੇਂ ਕਿਵੇਂ,' ਜਾਣਿਆ ਗਿਆ ਜਿਹ ਦੇ ਨਾਲ ਉਹ ਪਵਿੱਤਰ ਕੀਤਾ ਗਿਆ ਸੀ।"

194 ਇੱਕ ਪ੍ਰਚਾਰਕ ਦੀ ਤਰ੍ਹਾਂ, ਉਸਦੀ ਮਾਂ ਉਸਨੂੰ ਭੇਜਦੀ ਹੈ। ਉਹ ਕਹਿੰਦਾ ਹੈ, "ਮੈਨੂੰ ਪ੍ਰਭੂ ਦਾ ਸੇਵਕ ਬਣਨ ਲਈ ਬੁਲਾਇਆ ਗਿਆ।"

195 "ਠੀਕ ਹੈ। ਪਿਆਰੇ, ਸਭ ਤੋਂ ਪਹਿਲਾਂ ਮੈਂ ਇੱਕ ਸਮੁੰਦਰੀ ਜਹਾਜ ਕਰਾਵਾਂਗੀ, ਅਤੇ ਤੈਨੂੰ ਦੂਰ ਕਿਸੇ ਸਕੂਲ ਵਿੱਚ ਭੇਜਾਂਗੀ।" ਇਹ ਸਭ ਤੋਂ ਭੈੜੀ ਗੱਲ ਜੋ ਉਸਨੇ ਕੀਤੀ। ਇਹ ਠੀਕ ਹੈ। ਉਹ ਉਸ ਵਿਚੋਂ ਉਹ ਸਭ ਬਾਹਰ ਕੱਢ ਦੇਣਗੇ ਜੋ ਪਰਮੇਸ਼ੁਰ ਉਸ ਵਿੱਚ ਪਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਫਿਰ, ਹੁਣ ਵੇਖੋ।

196 "ਜੇ ਜਾਣ ਬੁਝ ਕੇ ਪਾਪ ਕਰੀ ਜਾਈਏ, ਜੇ ਅਸੀਂ ਸਤ ਦਾ ਗਿਆਨ ਪਰਾਪਤ ਕਰਨ ਦੇ ਪਿੱਛੋਂ ਜਾਣ ਬੁਝ ਕੇ ਪਾਪ ਕਰੀ ਜਾਈਏ, ਗਿਆਨ। ਇਸ ਨੂੰ ਵਚਨ ਵਿੱਚ ਵੇਖੋ ਅਤੇ ਜਾਣੋ ਕਿ ਬਾਈਬਲ ਕਹਿੰਦੀ ਹੈ ਕਿ ਉਹ ਕੱਲ, ਅੱਜ, ਅਤੇ ਜੁਗਾਂ ਜੁੱਗ ਇੱਕੋ ਜਿਹਾ ਹੈ। ਇਸ ਨੂੰ ਵੇਖੋ, ਇਹ ਸੱਚਾਈ ਦਾ ਗਿਆਨ ਹੈ। ਇਸ ਨੂੰ ਵੇਖਣ ਲਈ, ਅਸੀਂ ਮੁੜੇ, ਅਤੇ ਨੇਮ ਦੇ ਲਹੂ ਨੂੰ ਗਿਣਦੇ ਹਾਂ..."

197 ਇੱਕ ਆਦਮੀ ਕਹਿੰਦਾ ਹੈ, "ਔਹ, ਹਾਂ, ਮੈਂ ਪਰਮੇਸ਼ੁਰ ਵਿੱਚ—ਵਿੱਚ ਵਿਸ਼ਵਾਸ ਕਰਦਾ ਹਾਂ।" ਠੀਕ ਹੈ, ਤੁਸੀਂ ਪਹਿਲਾ ਕਦਮ ਚੁੱਕਿਆ ਹੈ।

198 "ਯਕੀਨਨ, ਮੈਂ ਪਵਿੱਤਰੀਕਰਣ ਵਿੱਚ ਵਿਸ਼ਵਾਸ ਕਰਦਾ ਹਾਂ।" ਠੀਕ ਹੈ, ਤੁਸੀਂ ਕਿਨਾਰੇ ਤੇ ਹੋ, ਪਵਿੱਤਰ ਆਤਮਾ ਪ੍ਰਾਪਤ ਕਰਨ ਲਈ ਬਿਲਕੁਲ ਤਿਆਰ। ਪਰ ਤੁਸੀਂ ਝਾਤ ਮਾਰਦੇ ਹੋ ਅਤੇ ਕਹਿੰਦੇ ਹੋ, "ਮੈਂ—ਮੈਂ—ਮੈਨੂੰ ਇਸ ਬਾਰੇ ਨਹੀਂ ਪਤਾ। ਜੇ ਮੈਨੂੰ ਇਸ ਤਰ੍ਹਾਂ ਕਰਨਾ ਪਵੇਗਾ...ਨਹੀਂ। ਮੈਂ ਨਹੀਂ ਜਾਣਦਾ। ਤੁਸੀਂ ਜਾਣਦੇ ਹੋ ਕਿ ਉਨ੍ਹਾਂ ਨੂੰ ਲੋਕ ਕੀ ਕਹਿੰਦੇ ਹਨ? ਊਂ-ਹੂੰ, ਮੈਨੂੰ ਨਹੀਂ ਪਤਾ ਕਿ ਮੈਂ ਉਹ ਕਰ ਸਕਦਾ ਹਾਂ ਜਾਂ ਨਹੀਂ। ਨਹੀਂ, ਮੇਰਾ ਵਿਸ਼ਵਾਸ ਹੈ ਕਿ ਮੈਂ ਹੁਣੇ ਜਾਵਾਂਗਾ ਅਤੇ ਸ਼ਾਮਲ ਹੋਵਾਂਗਾ...?..." ਵੇਖਿਆ? ਵੇਖਿਆ?

199 ਅਤੇ ਤੁਸੀਂ ਜਾਣਦੇ ਹੋ ਕੀ ਹੁੰਦਾ ਹੈ? ਉਸਨੇ ਕਿਹਾ, "ਉਹਨਾਂ ਲਈ ਅੰਦਰ ਦਾਖਲ ਹੋਣਾ ਅਣਹੋਣਾ ਹੈ।" ਉਹਨਾਂ ਨੇ ਪਾਪ ਕਰਕੇ ਆਪਣੇ ਕਿਰਪਾ ਦੇ ਦਿਨ ਖਤਮ ਕਰ ਦਿੱਤੇ ਹਨ। ਬਾਈਬਲ ਨੇ ਇੰਝ ਕਿਹਾ ਹੈ। ਮੈਂ ਜਾਣਦਾ ਹਾਂ ਕਿ ਇਹ ਸਖਤ ਹੈ, ਪਰ ਬਾਈਬਲ ਨੇ ਕਿਹਾ, "ਸੁਰਗੀ ਦਾਨਾਂ ਦਾ ਸੁਆਦ ਚੱਖਿਆ, ਅਤੇ ਨੇਮ ਦੇ ਲਹੂ ਨੂੰ..."

200 ਉਹ ਕਹਿੰਦੇ ਹਨ, "ਮੈਂ ਪਵਿੱਤਰਤਾ, ਇਕ ਚੰਗੀ, ਸਾਫ਼, ਪਵਿੱਤਰ ਜ਼ਿੰਦਗੀ ਵਿਚ ਵਿਸ਼ਵਾਸ ਕਰਦਾ ਹਾਂ।"

201 ਯਕੀਨਨ, ਪਰ ਤੁਸੀਂ, ਜਦੋਂ ਤੁਸੀਂ ਪਵਿੱਤਰ ਆਤਮਾ ਦੇ ਬਪਤਿਸਮੇ ਨੂੰ ਵੇਖਿਆ, ਅਤੇ ਬਪਤਿਸਮਾ ਅਤੇ ਇਹ ਸਾਰੀਆਂ ਚੀਜ਼ਾਂ ਜੋ ਬਾਈਬਲ ਵਿਚ ਹਨ, ਅਤੇ ਤੁਸੀਂ ਕੀ ਕੀਤਾ ਹੈ? ਨੇਮ ਦਾ ਲਹੂ ਜਿਹ ਦੇ ਨਾਲ ਉਹ ਪਵਿੱਤਰ ਕੀਤਾ ਗਿਆ ਸੀ, ਇੱਕ "ਅਪਵਿੱਤਰ ਚੀਜ" ਜਾਣਿਆ। ਸੰਸਾਰ ਵਿੱਚ ਕਿਹੜੀ ਚੀਜ ਸੀ ਜੋ ਤੈਨੂੰ ਉਥੇ ਲੈ ਗਈ, ਹੇ ਆਦਮੀ? ਕੀ…?…ਕਿਹੜੀ ਚੀਜ ਨੇ ਤੁਹਾਨੂੰ ਨੀਚ ਪਾਪੀ ਹੋਣ ਤੋਂ ਰੋਕਿਆ? ਤੁਹਾਡੀ ਜ਼ਿੰਦਗੀ ਵਿਚੋਂ ਪਾਪ, ਅਤੇ ਤੰਬਾਕੂਨੋਸ਼ੀ ਅਤੇ ਸ਼ਰਾਬ, ਅਤੇ ਔਰਤਾਂ ਅਤੇ ਤੁਹਾਡੇ ਜੀਵਨ ਵਿਚੋਂ ਚੀਜ਼ਾਂ ਬਾਹਰ ਕਰ ਦਿੱਤੀਆਂ, ਜੋ ਉਥੇ ਨਹੀਂ ਹੋਣੀਆਂ ਚਾਹੀਦੀਆਂ ਸਨ? ਇਹ ਕਿਸਨੇ ਕੀਤਾ? ਨੇਮ ਦੇ ਲਹੂ ਨੇ! ਫਿਰ ਤੁਸੀਂ ਹੋਰ ਜਿਆਦਾ ਨੇੜੇ ਆ ਕੇ ਕਿਸੇ ਹੋਰ ਧਰਤੀ ਦੇ ਅੰਗੂਰਾਂ ਦਾ ਸੁਆਦ ਚੱਖਦੇ ਹੋ, ਅਤੇ ਖੁਸ਼ਖਬਰੀ ਤੋਂ ਸ਼ਰਮਾਉਂਦੇ ਹੋ, ਆਪਣੇ ਨਾਮਧਾਰੀ ਗਿਰਜੇ ਤੋਂ ਡਰਦੇ ਹੋ! ਪਰਮੇਸ਼ੁਰ ਮਿਹਰ ਕਰੇ! ਹਾਂ, ਸ਼੍ਰੀਮਾਨ। "ਨੇਮ ਦਾ ਲਹੂ ਜਿਹ ਦੇ ਨਾਲ ਉਹ ਪਵਿੱਤਰ ਕੀਤਾ ਗਿਆ ਸੀ 'ਅਪਵਿੱਤਰ ਚੀਜ,' ਜਾਣਿਆ ਅਤੇ ਕਿਰਪਾ ਦੇ ਕੰਮਾਂ ਦਾ ਅਪਜਸ ਕੀਤਾ। ਉਨ੍ਹਾਂ ਦੇ ਲਈ ਧਰਤੀ ਅੰਦਰ ਦਾਖਲ ਹੋਣਾ ਅਣਹੋਣਾ ਹੈ।"

202 ਕੀ ਹੋਇਆ? ਮੈਂ ਤੁਹਾਥੋਂ ਪੁੱਛਦਾ ਹਾਂ। ਹੁਣ, ਮੈਂ ਟਾਈਪੋਲੋਜਿਸਟ ਹਾਂ, ਅਤੇ ਕੋਈ ਵੀ ਵਿਅਕਤੀ ਜੋ ਬਾਈਬਲ ਨੂੰ ਜਾਣਦਾ ਹੈ ਉਹ ਟਾਈਪੋਲੋਜਿਸਟ ਹੈ। ਕੀ ਉਨ੍ਹਾਂ ਆਦਮੀਆਂ ਵਿਚੋਂ ਕੋਈ ਕਦੇ ਉਸ ਵਾਅਦਾ ਕੀਤੀ ਹੋਈ ਧਰਤੀ ਵਿੱਚ ਪਹੁੰਚਿਆ ਸੀ? ਉਨ੍ਹਾਂ ਵਿਚੋਂ ਇਕ ਵੀ ਨਹੀਂ। ਇਹ ਕਿਸਨੇ ਕੀਤਾ, ਉਥੇ ਕੌਣ ਗਿਆ? ਜਿਹੜੇ ਪਹਿਲੇ ਗਏ, ਵਾਪਸ ਆ ਕੇ ਕਿਹਾ, "ਅਸੀਂ ਇਸ ਨੂੰ ਲੈ ਸਕਦੇ ਹਾਂ, ਅਸੀਂ ਪਵਿੱਤਰ ਆਤਮਾ ਲੈ ਸਕਦੇ ਹਾਂ ਕਿਉਂਕਿ ਪਰਮੇਸ਼ੁਰ ਨੇ ਇੰਝ ਕਿਹਾ ਸੀ! ਪਤਰਸ ਨੇ ਪੰਤੇਕੁਸਤ ਦੇ ਦਿਨ ਕਿਹਾ ਸੀ, ਜੇ ਮੈਂ 'ਤੋਬਾ ਕਰ ਕੇ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲੈਂਦਾ ਹਾਂ,' ਤਾਂ ਮੈਂ ਪਵਿੱਤਰ ਆਤਮਾ ਪਾਵਾਂਗਾ, ਵਾਅਦਾ ਮੇਰੇ ਲਈ ਹੈ। ਮੈਂ ਇਸ ਨੂੰ ਕਰਨ ਲਈ ਤਿਆਰ ਹਾਂ। ਮੇਰੇ ਲਈ, ਵਾਅਦਾ ਮੇਰੇ ਲਈ ਹੈ।" ਤੁਸੀਂ ਇਸਨੂੰ ਸਮਝ ਗਏ? "ਹੁਣ ਵਾਅਦਾ ਮੇਰਾ ਹੈ। ਇਹ ਮੈਨੂੰ ਮਿਲਿਆ ਹੈ, ਇਹ ਮੇਰਾ ਹੈ। ਯਕੀਨਨ ਇਹ ਹੈ।" ਉਹ ਸਿਰਫ ਉਹੀ ਸਨ।

203 "ਔਹ," ਤੁਸੀਂ ਕਹਿੰਦੇ ਹੋ, "ਪਰ, ਭਾਈ ਬ੍ਰਨਹਾਮ, ਪੁਨਰ ਉਥਾਨ ਵਿੱਚ!" ਉਹ ਉਥੇ ਨਹੀਂ ਹੋਣਗੇ। "ਔਹ, ਉਹ ਨਹੀਂ ਹੋਣਗੇ?" ਨਹੀਂ, ਸ਼੍ਰੀ ਮਾਨ। ਯਿਸੂ ਨੇ ਕਿਹਾ ਸੀ।

204 ਉਨ੍ਹਾਂ ਨੇ ਕਿਹਾ, "ਅਤੇ ਤੂੰ ਆਪਣੇ ਆਪ ਨੂੰ ਮੂਸਾ ਵਾਂਗ ਮਹਾਨ ਬਣਾ ਰਿਹਾ ਹਾਂ, ਅਤੇ ਤੁਸੀਂ ਕਿਹਾ ਸੀ ਕਿ ਤੂੰ ਸੀ, ਤੂੰ 'ਅਬਰਾਹਾਮ ਨੂੰ ਵੇਖਿਆ

ਸੀ।'" ਅਤੇ ਉਸਨੇ ਕਿਹਾ, "ਅਤੇ—ਅਤੇ—ਅਤੇ—ਅਤੇ ਅਬਰਾਹਾਮ ਤਾਂ ਮਰ ਚੁੱਕਾ! ਕਿਉਂ, ਤੇਰੀ—ਤੇਰੀ ਉਮਰ ਤਾਂ ਪੰਜਾਹ ਸਾਲ ਦੀ ਵੀ ਨਹੀਂ ਹੈ, ਅਤੇ ਤੂੰ ਕਹਿੰਦਾ ਹੈਂ ਕਿ ਤੂੰ ਅਬਰਾਹਾਮ ਨੂੰ ਵੇਖਿਆ ਹੈ?"

205 ਉਸਨੇ ਕਿਹਾ, "ਅਬਰਾਹਾਮ ਤੋਂ ਪਹਿਲਾਂ, ਮੈਂ ਸੀ।" ਔਹ ਮੇਰੇ! "ਮੈਂ ਹਾਂ," ਸਦਾ ਮੌਜੂਦ, ਅਨੰਤ ਪਰਮੇਸ਼ੁਰ। ਬੀਤਿਆ ਹੋਇਆ ਕਲ੍ਹ, ਜਾਂ ਆਉਣ ਵਾਲੇ ਕਲ੍ਹ ਨਹੀਂ, "**ਮੈਂ ਹਾਂ**।" ਸਮਝੇ? ਹਮੇਸ਼ਾ ਮੌਜੂਦ ਪਰਮੇਸ਼ੁਰ, ਇਲੋਹੀਮ, "**ਮੈਂ ਹਾਂ**।" ਫਿਰ ਉਨ੍ਹਾਂ ਉਸ ਨੂੰ ਫੜ ਲਿਆ...ਉਹ ਉਸ ਨੂੰ ਮਾਰਣ ਲਗੇ ਸਨ।

206 ਉਸਨੇ ਕਿਹਾ, "ਅੱਛਾ, ਸਾਡੇ ਪਿਓ ਦਾਦਿਆਂ ਨੇ 40 ਸਾਲ ਉਜਾੜ ਵਿੱਚ ਮੰਨ ਖਾਦਾ। ਪਰਮੇਸ਼ੁਰ ਨੇ ਸਵਰਗ ਤੋਂ ਅੰਨ ਦੀ ਬਾਰਸ਼ ਕੀਤੀ ਅਤੇ ਉਨ੍ਹਾਂ ਨੂੰ ਭੋਜਨ ਦਿੱਤਾ। ਉਹ ਗਿਰਜੇ ਗਏ ਅਤੇ ਉਹ ਚਾਲੀ ਸਾਲਾਂ ਤੋਂ ਗਿਰਜੇ ਦੇ ਚੰਗੇ ਮੈਂਬਰ ਸਨ। ਮੇਰੀ ਬਜੁਰਗ ਮਾਂ ਇਸੇ ਗਿਰਜੇ ਵਿਚ ਮਰੀ ਸੀ," ਅਤੇ ਇਸ ਤਰ੍ਹਾਂ ਦੀਆਂ ਗਲਾਂ। "ਮੇਰੇ ਪੁਰਖਿਆਂ ਨੇ 40 ਸਾਲ ਉਜਾੜ ਵਿੱਚ ਮੰਨ ਖਾਦਾ ਸੀ।"

207 ਅਤੇ ਯਿਸੂ ਨੇ ਕਿਹਾ, "ਅਤੇ ਉਨ੍ਹਾਂ ਵਿਚੋਂ ਹਰੇਕ ਮਰ ਗਿਆ।" *ਮੌਤ* ਦਾ ਅਰਥ ਹੈ "ਸਦੀਵੀ ਵਿਛੋੜਾ।" "ਉਨ੍ਹਾਂ ਵਿਚੋਂ ਹਰੇਕ ਮਰ ਗਿਆ। ਪਰ ਮੈਂ ਤੁਹਾਨੂੰ ਦੱਸਦਾ ਹਾਂ ਕਿ ਮੈਂ ਜੀਵਨ ਦੀ ਰੋਟੀ ਹਾਂ ਜੋ ਸਵਰਗ ਤੋਂ ਪਰਮੇਸ਼ੁਰ ਵੱਲੋਂ ਆਉਂਦੀ ਹੈ। ਇੱਕ ਮਨੁੱਖ ਜੋ ਆਤਮਾ ਦੀ ਇਸ ਰੋਟੀ ਨੂੰ ਖਾਂਦਾ ਹੈ, ਉਸਨੂੰ ਸਦੀਪਕ ਜੀਵਨ ਮਿਲਿਆ ਹੈ ਅਤੇ ਉਹ ਨਾਸ਼ ਨਹੀਂ ਹੋ ਸਕਦਾ। ਅਤੇ ਮੈਂ ਉਸਨੂੰ ਅਖੀਰਲੇ ਦਿਨ ਮੁਰਦਿਆਂ ਵਿਚੋਂ ਉਠਾਵਾਂਗਾ।" ਔਹ, ਭਾਈ, ਕੀ ਉਹ ਸ਼ਾਨਦਾਰ ਨਹੀਂ ਹੈ?

ਕੀ ਉਹ ਸ਼ਾਨਦਾਰ, ਸ਼ਾਨਦਾਰ, ਸ਼ਾਨਦਾਰ ਨਹੀਂ ਹੈ?
ਕੀ ਯਿਸੂ ਸਾਡਾ ਪ੍ਰਭੂ ਸ਼ਾਨਦਾਰ ਨਹੀਂ ਹੈ?
ਅੱਖਾਂ ਨੇ ਦੇਖਿਆ ਹੈ, ਕੰਨਾਂ ਨੇ ਸੁਣਿਆ ਹੈ, ਜੋ ਪਰਮੇਸ਼ੁਰ
ਦੇ ਵਚਨ ਵਿੱਚ ਦਰਜ ਹੈ;
ਕੀ ਯਿਸੂ ਸਾਡਾ ਪ੍ਰਭੂ ਸ਼ਾਨਦਾਰ ਨਹੀਂ ਹੈ?

208 ਕੀ ਇਹ ਸਹੀ ਹੈ? ਅਸੀਂ ਉਸ ਦੀ ਭੇਤ ਬੁੱਝਣ ਵਾਲੀ ਆਤਮਾ ਨੂੰ ਸਾਡੇ ਵਿਚਕਾਰ ਵੇਖ ਰਹੇ ਹਾਂ। ਅਸੀਂ ਉਸ ਨੂੰ ਕਰਾਮਾਤਾਂ ਅਤੇ ਚਿਨ੍ਹ ਅਤੇ ਅਚਰਜ ਕੰਮ ਕਰਦੇ ਹੋਏ ਵੇਖਦੇ ਹਾਂ। ਅਸੀਂ ਠੀਕ ਇਸ ਨੂੰ ਵਚਨ ਵਿਚੋਂ ਸੁਣਦੇ ਹਾਂ, ਤੁਸੀਂ ਇਸ ਨੂੰ ਬਿਲਕੁਲ ਇਸ ਜਗ੍ਹਾ ਤੇ ਪ੍ਰਮਾਣਿਤ ਹੁੰਦੇ ਹੋਏ ਵੇਖਦੇ ਹੋ। ਔਹ, ਮੇਰੇ!

ਅੱਖਾਂ ਨੇ ਦੇਖਿਆ ਹੈ, ਕੰਨਾਂ ਨੇ ਸੁਣਿਆ ਹੈ, ਜੋ ਪਰਮੇਸ਼ੁਰ
ਦੇ ਵਚਨ ਵਿੱਚ ਦਰਜ ਹੈ;
ਕੀ ਯਿਸੂ ਮੇਰਾ ਪ੍ਰਭੂ ਸ਼ਾਨਦਾਰ ਨਹੀਂ ਹੈ?

209 ਹੋਰ ਦੋ ਜਾਂ ਤਿੰਨ ਮਿਨਟਾਂ ਬਾਅਦ, ਪਾਣੀ ਦੇ ਬਪਤਿਸਮੇ ਦੀ ਸੇਵਾ ਕੀਤੀ ਜਾਵੇਗੀ। ਅਤੇ ਹੁਣ ਉਹ ਲੋਕ ਜੋ ਬਪਤਿਸਮਾ ਲੈਣ ਜਾ ਰਹੇ ਹਨ, ਔਰਤਾਂ ਨੂੰ *ਇੱਥੇ,* ਅਤੇ ਆਦਮੀਆਂ *ਉਸ* ਪਾਸੇ ਨੂੰ ਆਉਣ ਦਿਓ। ਅਤੇ ਹੁਣ ਮੇਰੇ ਖੱਬੇ ਪਾਸੇ ਆਦਮੀ, *ਇਥੇ* ਇਸ ਪਾਸੇ। ਅਤੇ ਔਰਤਾਂ ਜੋ *ਇਥੇ* ਹਨ। ਅੰਦਰ ਪਹਿਲਾਂ ਹੀ ਕੁਝ ਭੈਣਾਂ ਹਨ ਜਿਨ੍ਹਾਂ ਕੋਲ ਕਪੜੇ ਹਨ। ਅਤੇ ਜੇ ਅੱਜ ਸਵੇਰੇ ਇੱਥੇ ਕੋਈ ਆਦਮੀ ਜਾਂ ਕੋਈ ਔਰਤ ਹੈ, ਜਿਸ ਨੂੰ ਇਹ ਯਕੀਨ ਹੈ ਕਿ ਤੁਸੀਂ ਪਰਮੇਸ਼ੁਰ ਦੇ ਵਚਨ ਵਿੱਚ ਵਿਸ਼ਵਾਸ ਕਰਦੇ ਹੋ, ਅਤੇ ਤੁਹਾਨੂੰ ਵਿਸ਼ਵਾਸ ਹੈ ਕਿ ਪਰਮੇਸ਼ੁਰ ਆਪਣਾ ਵਾਅਦਾ ਪੂਰਾ ਕਰਦਾ ਹੈ, ਕਿ ਜੇ ਕੋਈ ਆਦਮੀ ਆਪਣੇ ਸਾਰੇ ਪਾਪਾਂ ਵਲੋਂ ਚੰਗੀ ਤਰ੍ਹਾਂ ਤੋਬਾ ਕਰੇ…ਹੁਣ, ਲਹੂ ਨੇ ਹਾਲੇ ਤੱਕ ਕੁਝ ਨਹੀਂ ਕੀਤਾ। ਨਹੀਂ, ਇਹ ਕੇਵਲ ਪਰਮੇਸ਼ੁਰ ਵਿੱਚ ਤੁਹਾਡਾ ਵਿਸ਼ਵਾਸ ਹੈ। ਅਤੇ ਪਰਮੇਸ਼ੁਰ ਬੱਸ ਬੁਲਾ ਰਿਹਾ ਹੈ, ਸਿਰਫ਼, "ਫ਼ਯੂ, ਫ਼ਯੂ, ਫ਼ਯੂ!" ਤੁਹਾਨੂੰ ਬੁਲਾ ਰਿਹਾ ਹੈ, ਇਹੀ ਹੈ ਜੋ ਉਹ ਕਰ ਰਿਹਾ ਹੈ, "ਫ਼ਯੂ, ਫ਼ਯੂ!"

"ਮੈਂ ਕਦੇ ਬਪਤਿਸਮਾ ਨਹੀਂ ਲਿਆ।"

"ਫ਼ਯੂ, ਫ਼ਯੂ!"

"ਖੈਰ, ਖੈਰ, ਜੇ ਮੈਂ ਬੱਸ ਸ਼ੁਰੁਆਤ ਕਰ ਸਕਾਂ ਅਤੇ ਕੁਝ ਵਖਰਾ ਕਰਾਂ।"

"ਫ਼ਯੂ!" ਇਹੀ, ਇਹੀ ਚੀਜ ਹੈ, ਸੁਰੂਆਤ ਕਰੋ, ਜਦੋਂ—ਜਦੋਂ ਤੁਸੀਂ ਆਪਣੀ ਸੁਰੂਆਤ ਕਰੋਗੇ ਤਾਂ ਫਿਰ ਕੁਝ ਵਖਰਾ ਕਰੋਗੇ। ਸਮਝੇ? ਤੁਹਾਨੂੰ ਮੁੜਨਾ ਪੈਣਾ ਹੈ, ਸ਼ੁਰੂਆਤ ਕਰੋ, ਵੇਖੋ।

ਤੁਸੀਂ ਕਹਿੰਦੇ ਹੋ, "ਚੰਗਾ, ਮੈਂ—ਮੈਂ—ਮੈਂ ਇਸ ਨੂੰ ਕਦੇ ਇਸ ਤਰ੍ਹਾਂ ਨਹੀਂ ਵੇਖਿਆ।"

210 ਖੈਰ, ਪਿਆਰੇ ਭਾਈ, ਮੈਂ ਚਾਹੁੰਦਾ ਹਾਂ ਕਿ ਤੁਸੀਂ ਮੈਨੂੰ ਇਕ ਲਿਖਤ ਦਿਖਾਓ ਜਿੱਥੇ ਕੋਈ ਆਦਮੀ…ਮੈਂ ਸੰਸਾਰ ਭਰ ਵਿੱਚ ਇੱਕਤੀ ਸਾਲਾਂ ਦੀ ਇਹ ਸੇਵਾ ਕੀਤੀ ਹੈ, ਬਿਸ਼ਪਾਂ ਅਤੇ ਅਜਿਹੇ ਲੋਕਾਂ ਦੇ ਸਾਹਮਣੇ, ਜਿਥੇ ਇੱਕ ਵਿਅਕਤੀ, ਜਿਥੇ ਕੋਈ ਇੱਕ ਵੀ ਵਿਅਕਤੀ ਨੂੰ ਯਿਸੂ ਮਸੀਹ ਤੋਂ ਅਲਾਵਾ ਕਿਸੇ ਹੋਰ ਨਾਮ ਵਿੱਚ ਬਪਤਿਸਮਾ ਦਿੱਤਾ ਗਿਆ ਹੋਵੇ। ਅਤੇ ਹਰ ਕੋਈ ਜਿਸਨੇ ਯਿਸੂ ਦੇ ਨਾਮ ਵਿੱਚ ਬਪਤਿਸਮਾ ਨਹੀਂ ਲਿਆ ਸੀ, ਉਸ ਨੂੰ ਦੁਬਾਰਾ ਆ ਕੇ ਯਿਸੂ ਨਾਮ ਵਿੱਚ ਬਪਤਿਸਮਾ ਲੈਣਾ ਪਿਆ।

211 ਪਰਮੇਸ਼ੁਰ ਦਾ ਸਿਰਫ ਇੱਕ ਨਾਮ ਸੀ, ਅਤੇ ਉਸਦਾ ਨਾਮ ਯਿਸੂ ਹੈ। ਇਹ ਉਸਦਾ ਪੁੱਤਰ ਸੀ, ਉਸਨੇ ਆਪਣੇ ਪੁੱਤਰ ਦਾ ਨਾਮ ਲਿਆ। ਪਰਮੇਸ਼ੁਰ! ਹੁਣ, ਯਿਸੂ, ਸਰੀਰ ਇੱਕ ਆਦਮੀ ਸੀ। ਅਸੀਂ ਇਹ ਜਾਣਦੇ ਹਾਂ। ਉਹ ਪਰਮੇਸ਼ੁਰ ਦਾ ਪੁੱਤਰ ਸੀ ਜਿਸ ਉੱਤੇ ਛਾਇਆ ਕੀਤਾ ਗਿਆ ਸੀ। ਹੁਣ ਅਸੀਂ ਇਕ ਏਕਤਾ ਦੀ ਕਿਸਮ ਵਿਚ ਵਿਸ਼ਵਾਸ ਨਹੀਂ ਕਰਦੇ ਹਾਂ, ਉਹ ਲੋਕ ਜੋ ਪਰਮੇਸ਼ੁਰ ਬਾਰੇ ਕਹਿੰਦੇ ਹਨ ਕਿ ਉਹ ਤੁਹਾਡੀ ਉਂਗਲ ਵਰਗਾ ਹੈ। ਅਸੀਂ ਵਿਸ਼ਵਾਸ ਕਰਦੇ ਹਾਂ ਕਿ ਪਰਮੇਸ਼ੁਰ ਦੇ ਤਿੰਨ ਗੁ-…ਗੁਣ ਹਨ। ਪਰਮੇਸ਼ੁਰ ਦੇ ਤਿੰਨ ਗੁਣ, ਜਿਨ੍ਹਾਂ ਵਿਚ ਪਰਮੇਸ਼ੁਰ ਪ੍ਰਗਟ ਹੋਇਆ। ਪਰ ਕੇਵਲ ਇੱਕ ਹੀ ਪਰਮੇਸ਼ੁਰ ਹੈ। ਸਮਝੇ? ਇਹ ਸਹੀ ਹੈ। ਅਸੀਂ ਵਿਸ਼ਵਾਸ ਨਹੀਂ ਕਰਦੇ…ਅਸੀਂ ਵਿਸ਼ਵਾਸ ਉਸ ਵਿੱਚ—ਵਿੱਚ ਕਰਦੇ ਹਾਂ…ਮੈਨੂੰ ਇਸ ਨੂੰ ਇਸ ਤਰ੍ਹਾਂ ਕਹਿਣ ਦਿਓ, ਅਸੀਂ ਵਿਸ਼ਵਾਸ ਕਰਦੇ ਹਾਂ ਕਿ ਪਰਮੇਸ਼ੁਰ ਤਿੰਨ ਦਫਤਰ੍ਹਾਂ ਵਿੱਚ ਰਹਿੰਦਾ ਸੀ। ਧਰਤੀ ਉੱਤੇ ਇੱਕ ਵਾਰ ਉਸਦਾ ਦਫਤਰ ਸੀ।

212 ਹੁਣ, ਔਰਤਾਂ *ਇਸ* ਪਾਸੇ ਜਾਣ, ਅਤੇ ਆਦਮੀ *ਉਸ* ਪਾਸੇ, ਇਹ ਤਿਆਰ ਹੋ ਰਹੀ ਹੈ। ਅਤੇ ਉਹ ਹੁਣ ਬਪਤਿਸਮੇ ਦੀ ਸੇਵਾ ਲਈ ਤਿਆਰ ਹੋ ਰਹੇ ਹਨ।

213 ਅਤੇ, ਹੁਣ, ਪਰਮੇਸ਼ੁਰ ਦੇ ਤਿੰਨ ਦਫਤਰ ਸਨ। ਉਨ੍ਹਾਂ ਵਿਚੋਂ ਇਕ ਨੂੰ ਪਿਤਾ ਕਿਹਾ ਜਾਂਦਾ ਸੀ, ਜਾਂ ਪਿਤਾ ਦਾ ਸਮਾਂ; ਦੂਸਰੇ ਨੂੰ ਪੁੱਤ੍ਰ ਕਿਹਾ ਜਾਂਦਾ ਸੀ; ਅਤੇ ਇੱਕ ਹੋਰ ਨੂੰ ਪਵਿੱਤਰ ਆਤਮਾ ਕਿਹਾ ਜਾਂਦਾ ਸੀ। ਹੁਣ, ਅੱਜ, ਪਿਤਾ ਅੱਜ ਕਿਹੜੇ—ਕਿਹੜੇ ਸਮੇਂ ਵਿੱਚ ਕੰਮ ਕਰ ਰਿਹਾ ਹੈ? [ਸਭਾ ਆਖਦੀ ਹੈ, "ਪਵਿੱਤਰ ਆਤਮਾ।"—ਸੰਪਾਦਕ।] ਪਵਿੱਤਰ ਆਤਮਾ। ਉਹ ਬੀਤੇ ਹੋਏ ਦਿਨਾਂ ਵਿਚ ਕੀ ਸੀ? ["ਯਿਸੂ।"] ਯਿਸੂ। ਉਨ੍ਹਾਂ ਦਿਨਾਂ ਤੋਂ ਪਹਿਲਾਂ ਉਹ ਕੀ ਸੀ? ["ਪਿਤਾ।"] ਪਰ ਇਹ ਸਿਰਫ ਇੱਕ ਪਰਮੇਸ਼ੁਰ ਸੀ! ਕੀ ਇਹ ਸਹੀ ਹੈ? ਉਹ ਪਿਤਾ, ਪੁੱਤਰ, ਅਤੇ ਪਵਿੱਤਰ ਆਤਮਾ ਹੈ, ਉਹ ਤਿੰਨ, ਇਕ ਪਰਮੇਸ਼ੁਰ ਦੇ ਉਹ ਤਿੰਨ ਦਫਤਰ ਹਨ। ਇਕ ਪਰਮੇਸ਼ੁਰ!

214 ਪਰ ਹੁਣ, *ਪਿਤਾ* ਇਕ ਨਾਮ ਨਹੀਂ ਹੈ, ਕੀ ਇਹ ਸਹੀ ਹੈ? ਮੈਂ ਤੁਹਾਨੂੰ ਪੁੱਛਣਾ ਚਾਹੁੰਦਾ ਹਾਂ। ਹੁਣ ਮੈਂ ਤੁਹਾਨੂੰ ਮੱਤੀ 28:19 ਦੇਣਾ ਚਾਹੁੰਦਾ ਹਾਂ, ਜਿਥੇ ਯਿਸੂ ਨੇ ਕਿਹਾ, "ਇਸ ਲਈ ਜਾਓ, ਸਾਰੀਆਂ ਕੌਮਾਂ ਨੂੰ ਸਿਖਿਆ ਦਿਓ, ਉਨ੍ਹਾਂ ਨੂੰ ਨਾਮ ਵਿੱਚ ਬਪਤਿਸਮਾ ਦਿਓ," (ਐਨ-ਏ-ਐਮ-ਈ) "ਪਿਤਾ ਦਾ ਨਾਮ…"

215 ਹੁਣ ਮੈਂ ਇਹ ਵੇਖਣਾ ਚਾਹੁੰਦਾ ਹਾਂ ਕਿ ਤੁਸੀਂ ਆਪਣੇ ਧਰਮ-ਗ੍ਰੰਥ ਨੂੰ ਕਿੰਨੀ ਚੰਗੀ ਤਰ੍ਹਾਂ ਜਾਣਦੇ ਹੋ। ਮੈਨੂੰ ਦੱਸੋ ਜਦੋਂ ਮੈਂ ਪੱਟਰੀ ਤੋਂ ਉਤਰਦਾ ਹਾਂ। ਉਸ ਨੇ ਉਨ੍ਹਾਂ ਨੂੰ ਕਿਹਾ, "ਸਾਰੇ ਜਗਤ ਵਿੱਚ ਜਾਓ, ਹਰੇਕ ਜੀਵ ਨੂੰ ਖੁਸ਼ਖਬਰੀ

ਦਾ ਪ੍ਰਚਾਰ ਕਰੋ। ਜਿਹੜਾ ਨਿਹਚਾ ਕਰੇ ਅਤੇ ਬਪਤਿਸਮਾ ਲਵੇ ਅਤੇ ਉਹ ਬਚਾਇਆ ਜਾਵੇਗਾ। ਪਰ ਜਿਹੜਾ ਪਰਤੀਤ ਨਾ ਕਰੇ ਉਸ ਉੱਤੇ ਸਜ਼ਾ ਦਾ ਹੁਕਮ ਕੀਤਾ ਜਾਵੇਗਾ। ਨਿਹਚਾ ਕਰਨ ਵਾਲਿਆਂ ਦੇ ਨਾਲ ਇਹ ਨਿਸ਼ਾਨ ਹੋਣਗੇ। ਮੇਰਾ ਨਾਮ ਲੈ ਕੇ ਉਹ ਭੂਤਾਂ ਨੂੰ ਕਢਣਗੇ," ਕੀ ਇਹ ਸਭ ਸਹੀ ਹੈ? "ਓਹ ਨਵੀਆਂ ਨਵੀਆਂ ਬੋਲੀਆਂ ਬੋਲਣਗੇ, ਓਹ ਸੱਪਾਂ ਨੂੰ ਚੁੱਕ ਲੈਣਗੇ।" ਹੁਣ ਮੈਂ ਤੁਹਾਨੂੰ ਹਵਾਲਾ ਦਿਆਂਗਾ, ਮੱਤੀ।

216 ਹੁਣ ਸੁਣੋ। ਮੈਂ ਕਿਸੇ ਇਤਿਹਾਸਕਾਰ ਨੂੰ ਪੁੱਛਦਾ ਹਾਂ। ਹੁਣ ਇਹ ਟੇਪਾਂ ਤੇ ਹੈ, ਇਹ ਸਾਰੇ ਸੰਸਾਰ ਵਿੱਚ ਜਾਂਦੀਆਂ ਹਨ। ਮੈਂ ਕਿਸੇ ਵੀ ਇਤਿਹਾਸਕਾਰ ਨੂੰ ਕਹਿੰਦਾ ਹਾਂ ਕਿ ਉਹ ਮੇਰੇ ਕੋਲ ਆਵੇ ਅਤੇ ਮੇਰੇ ਲਈ ਬਾਈਬਲ ਦੀ ਕੋਈ ਆਇਤ, ਕੋਈ ਵੀ ਪਾਠ...ਜਾਂ ਵਚਨ ਨਹੀਂ, ਵਚਨ ਦੀ ਕੋਈ ਲਿਖਤ ਜਾਂ ਕੋਈ ਇਤਿਹਾਸ, ਇਤਿਹਾਸ ਦੀ ਕੋਈ ਵੀ ਆਇਤ ਜਿਸ ਨੇ ਕਦੇ ਵੀ ਇਹ ਦਰਸਾਇਆ ਹੋਵੇ ਕਿ ਕੋਈ ਵੀ ਪ੍ਰੋਟੈਸਟੈਂਟ, ਕਿ ਕਿਸੇ ਨੇ ਕਦੇ ਵੀ "ਪਿਤਾ, ਪੁੱਤਰ, ਪਵਿੱਤਰ ਆਤਮਾ" ਦੇ ਨਾਮ ਤੇ ਬਪਤਿਸਮਾ ਲਿਆ ਹੋਵੇ ਜਦੋਂ ਤਕ ਕੈਥੋਲਿਕ ਚਰਚ ਨੇ ਨਿਸਿਅਨ ਕੌਂਸਲ ਵਿਚ ਇਸ ਦਾ ਹੁਕਮ ਨਹੀਂ ਕੀਤਾ। ਹੁਣ ਇਹ ਟੇਪਾਂ ਤੇ ਹੈ, ਇਹ ਪੂਰੀ ਦੁਨੀਆ ਵਿਚ ਜਾਂਦੀਆਂ ਹਨ, ਉਨ੍ਹਾਂ ਦਾ ਸੈਂਤੀ ਭਾਸ਼ਾਵਾਂ ਵਿਚ ਅਨੁਵਾਦ ਕੀਤਾ ਜਾਂਦਾ ਹੈ। ਮੈਂ ਤੁਹਾਡਾ ਸਮੁੰਦਰ ਪਾਰ ਆਉਣ ਦਾ ਕਿਰਾਇਆ ਭਰ ਦਿਆਂਗਾ। ਇਹ ਸਹੀ ਹੈ। "ਪਿਤਾ, ਪੁੱਤਰ, ਅਤੇ ਪਵਿੱਤਰ ਆਤਮਾ" ਇਕ ਝੂਠਾ, ਜਾਅਲੀ ਕੈਥੋਲਿਕ ਸਿਧਾਂਤ ਹੈ, ਅਤੇ ਇਕ ਮਸੀਹੀ ਬਪਤਿਸਮਾ ਨਹੀਂ ਹੈ। ਠੀਕ ਹੈ! ਲੂਥਰ ਇਸ ਨੂੰ ਕੈਥੋਲਿਕ ਕਲੀਸਿਯਾ ਦੇ ਸਿਧਾਂਤਾਂ ਤੋਂ ਨਾਲ ਲੈ ਆਇਆ, ਵੈਸਲੀ ਨੇ ਇਸਨੂੰ ਅਪਣਾਇਆ ਅਤੇ ਇਹ ਚਲਦਾ ਰਿਹਾ। ਪਰ ਇਹ ਪਰਮੇਸ਼ੁਰ ਦੇ ਪੁੱਤਰਾਂ ਦੇ ਪ੍ਰਗਟ ਹੋਣ ਦਾ ਦਿਨ ਹੈ, ਜੱਦ ਉਹ ਭੇਤ ਜਿਹੜੇ ਜਗਤ ਦੀ ਨੀਂਹ ਧਰਨ ਤੋਂ ਲੁਕਾਏ ਹੋਏ ਸਨ ਪ੍ਰਗਟ ਕੀਤੇ ਜਾਣਗੇ। ਇਹ ਉਹ ਘੜੀ ਹੈ। ਯਕੀਨਨ।

217 ਯਾਦ ਰੱਖੋ, ਬਾਈਬਲ ਵਿਚ ਕਦੇ ਵੀ ਕੋਈ ਵਿਅਕਤੀ ਨਹੀਂ ਸੀ ਜੋ "ਪਿਤਾ, ਪੁੱਤਰ, ਪਵਿੱਤਰ ਆਤਮਾ" ਦੇ ਨਾਮ ਤੇ ਬਪਤਿਸਮਾ ਦਿੰਦਾ ਸੀ। ਆਖਰੀ ਰਸੂਲ ਦੀ ਮੌਤ ਤੋਂ ਬਾਅਦ ਤਿੰਨ ਸੌ ਸਾਲਾਂ ਤਕ, "ਪਿਤਾ, ਪੁੱਤਰ, ਪਵਿੱਤਰ ਆਤਮਾ" ਦੇ ਨਾਮ ਤੇ ਕਦੇ ਕੋਈ ਬਪਤਿਸਮਾ ਨਹੀਂ ਲਿਆ ਗਿਆ ਸੀ। ਉਹਨਾਂ ਕੋਲ...*ਮੈਂ ਪ੍ਰੀ-ਨਿਸਿਅਨ ਫਾਦਰਸ, ਦ ਨਿਸਿਅਨ ਕੌਂਸਲ,* ਦੋਨੋਂ ਪੜ੍ਹੀਆਂ ਹਨ, ਅਤੇ ਉੱਥੋਂ ਉਨ੍ਹਾਂ ਨੇ ਸੰਗਠਿਤ ਕੀਤਾ ਜਿਸ ਨੂੰ ਉਹ "ਮਸੀਹੀ ਵਿਸ਼ਵਵਿਆਪੀ ਚਰਚ" ਕਹਿੰਦੇ ਹਨ ਅਤੇ ਇਸ ਵਿਚੋਂ ਇਕ ਸੰਗਠਨ ਬਣਾਇਆ ਅਤੇ ਸਾਰੇ ਲੋਕਾਂ ਨੂੰ ਇਸ ਲਈ ਮਜਬੂਰ ਕੀਤਾ, ਜੋ ਕਿ ਕੈਥੋਲਿਕ ਕਲੀਸਿਯਾ ਸੀ। *ਕੈਥੋਲਿਕ* ਸ਼ਬਦ ਦਾ ਅਰਥ ਹੈ "ਵਿਸ਼ਵਵਿਆਪੀ,"

ਇੱਕ ਵਿਸ਼ਵਵਿਆਪੀ ਮਸੀਹੀ ਚਰਚ, ਵਿਸ਼ਵ-ਵਿਆਪੀ, ਪੂਰੇ ਸੰਸਾਰ ਉੱਤੇ ਇੱਕ ਕਲੀਸਿਯਾ ਬਣਾਉਣ ਲਈ। ਅਤੇ ਇਹ ਮਸੀਹਤ, ਉਹ ਲੋਕਾਂ ਨੂੰ ਇਸ ਵਿਚ ਆਉਣ ਲਈ ਮਜਬੂਰ ਕਰਦੇ ਹਨ। ਉਥੇ ਉਨ੍ਹਾਂ ਨੇ ਵੀਨਸ ਨੂੰ ਤਿਆਗ ਕੇ ਮਰੀਅਮ ਨੂੰ ਅਪਣਾਇਆ ਹੈ। ਉਹਨਾਂ ਪੌਲੁਸ ਨੂੰ ਹੇਠਾਂ ਉਤਾਰ ਕੇ…ਜਾਂ ਯੁਪਿਟਰ, ਅਤੇ ਪੌਲੁਸ ਨੂੰ ਠਹਿਰਾਇਆ ਹੈ। ਇਹ ਅਜੇ ਵੀ ਬੁਤਪ੍ਰਸਤੀ ਹੈ! ਸਹੀ ਹੈ। ਕੈਥੋਲਿਕ ਕਲੀਸਿਯਾ ਉਸ ਵਿਚੋਂ ਬਾਹਰ ਆਈ, ਅਤੇ ਪੰਜ ਸੌ ਸਾਲਾਂ ਬਾਅਦ…

218 ਉਨ੍ਹਾਂ ਕੋਲ ਲੂਯਿਸਵਿਲ ਵਿੱਚ, *ਬੇਨ ਹੂਰ* ਦਾ ਇੱਕ ਨਾਟਕ ਚੱਲ ਰਿਹਾ ਹੈ। ਜਿਆਦਾ ਚਿਰ ਨਹੀਂ ਹੋਇਆ ਜੱਦ *ਟੈਨ ਕਮਾਂਡਮੈਂਟਸ* ਜਾਂ ਦੱਸ ਹੁਕਮ ਚਲ ਰਿਹਾ ਸੀ। ਕਾਸ਼ ਉਹ ਪੰਦਰਾਂ ਸੌ ਸਾਲਾਂ ਦੇ ਹਨੇਰੇ ਯੁੱਗ ਵਿੱਚੋਂ, ਕਦੇ ਕਿਸੇ ਵੀ ਇੱਕ ਨੂੰ ਲੈਂਦੇ। ਕਾਸ਼ ਉਹ ਉਸ ਨੂੰ ਲਗਾਉਂਦੇ। ਪਾਗਾਨ ਦੇ ਪੰਦਰਾਂ ਸੌ ਸਾਲਾਂ ਦੇ ਜੁਲਮ, ਜਦੋਂ ਉਨ੍ਹਾਂ ਨੇ ਸਾਰਿਆਂ ਨੂੰ ਮਜਬੂਰ ਕੀਤਾ, ਅਤੇ ਉਨ੍ਹਾਂ ਨੂੰ ਮਾਰਿਆ, ਉਨ੍ਹਾਂ ਦਾ ਕਤਲ ਕਰ ਦਿੱਤਾ, ਤੰਗ-ਪ੍ਰੇਸ਼ਾਨ ਕੀਤਾ। ਇੱਕ ਹੱਥ ਨਾਲ ਇੱਕ ਬਲਦ ਅਤੇ ਦੂਜੇ ਹੱਥ ਨਾਲ ਦੂਸਰਾ ਬਲਦ ਬਨ੍ਹਿਆ ਜਾਂਦਾ ਸੀ, ਅਤੇ ਉਨ੍ਹਾਂ ਨੂੰ ਜਾਂ ਤਾਂ ਸਲੀਬ ਨੂੰ ਚੁੰਮਣ ਲਈ ਮਜਬੂਰ ਕੀਤਾ ਜਾਂਦਾ ਸੀ ਜਾਂ ਬਲਦਾਂ ਨੂੰ ਵੱਖਰੇ ਵੱਖਰੇ ਪਾਸੇ ਤੋਰ ਦਿਤਾ ਜਾਂਦਾ ਸੀ। ਮੈਂ ਆਪਣਾ ਹੱਥ ਰੱਖਿਆ ਹੈ, ਠੀਕ ਸਵਿਟਜ਼ਰਲੈਂਡ ਵਿਚ, ਉਨ੍ਹਾਂ ਚੌਕੀਆਂ ਦੇ ਪਿੱਛੇ ਜਿੱਥੇ ਉਹ ਉਥੇ ਖੜੇ ਸਨ ਅਤੇ ਉਨ੍ਹਾਂ ਦੀਆਂ ਜ਼ਬਾਨਾਂ ਵੱਢ ਦਿੱਤੀਆਂ ਗਈਆਂ ਅਤੇ ਉਨ੍ਹਾਂ ਨੂੰ ਜਾਦੂਗਰ ਅਤੇ ਹੋਰ ਸਭ ਕੁਝ ਕਿਹਾ। ਇਹ ਬਿਲਕੁਲ ਸਹੀ ਹੈ। ਸਹੀ!

219 ਅਤੇ ਇਹ ਉਹੀ ਆਤਮਾ ਅੱਜ ਮੌਜੂਦ ਹੈ। ਇਹ ਕੇਵਲ ਕਾਨੂੰਨ ਹੈ ਜੋ ਇਸਨੂੰ ਥੰਮ੍ਹੀ ਰੱਖਦਾ ਹੈ। ਇੰਤਜ਼ਾਰ ਕਰੋ ਜਦੋਂ ਤਕ ਇਸ ਨੂੰ ਆਪਣੀ ਆਜ਼ਾਦੀ ਨਹੀਂ ਮਿਲ ਜਾਂਦੀ। ਬਾਈਬਲ ਨੇ ਇਹ ਕਿਹਾ। ਬੱਸ ਇੰਤਜ਼ਾਰ ਕਰੋ ਜਦੋਂ ਤਕ ਇਹ ਆਪਣੇ ਰੰਗ ਨਹੀਂ ਦਿਖਾਉਂਦਾ, ਜੱਦ ਇਸ ਨੂੰ ਮੌਕਾ ਮਿਲਦਾ ਹੈ। ਤੁਸੀਂ ਸ਼ਾਇਦ ਇਸ ਨੂੰ ਜਲਦੀ ਹੀ ਵੋਟ ਦਿਉਗੇ, ਕਿਉਂਕਿ ਮੈਨੂੰ ਪਤਾ ਹੈ। ਸਮਝੇ? ਇਹ ਆਵੇਗਾ, ਇਹ ਆਵੇਗਾ। ਇਸ ਨੂੰ ਬਾਹਰ ਰੱਖਣ ਦਾ ਕੋਈ ਤਰੀਕਾ ਨਹੀਂ ਹੈ। ਇਸ ਨੇ ਆਉਣਾ ਹੀ ਹੈ। ਇਹ ਠੀਕ ਹੈ। ਇਹ ਆਉਣਾ ਹੈ, ਇਹ ਆ ਰਿਹਾ ਹੈ। ਸੋ ਜਦੋਂ ਇਹ ਹੁੰਦਾ ਹੈ, ਤੁਸੀਂ ਬਸ ਵੇਖਣਾ। ਪਰ, ਭਰਾਵੋ, ਤੁਸੀਂ ਇਸ ਇਕ ਚੀਜ਼ ਨੂੰ ਜਾਣਨਾ ਚਾਹੋਗੇ, ਮੈਂ ਜਾਣਦਾ ਹਾਂ ਕਿ ਮੈਂ ਕਿਸ ਤੇ ਵਿਸ਼ਵਾਸ ਕੀਤਾ ਹੈ। ਹਾਲੇਲੂਯਾਹ! ਸਿੱਧਾ ਅੱਗੇ ਵਧਦੇ ਹੋਏ। ਵੇਖਿਆ। ਇਹੀ ਹੈ।

220 ਇੱਕ ਸਮਾਂ ਹੁੰਦਾ ਹੈ ਜਦੋਂ—ਜਦੋਂ ਲੇਖਕ, ਜਦੋਂ ਮੈਂ ਲਮਸਾ ਦੇ ਲੇਖਕ ਨੂੰ ਕਿਹਾ…ਲਮਸਾ—ਲਮਸਾ ਬਾਈਬਲ, ਜਦੋਂ ਉਸਨੇ ਪਰਮੇਸ਼ੁਰ ਦਾ ਉਹ ਪ੍ਰਾਚੀਨ

ਚਿੰਨ੍ਹ ਵੇਖਿਆ, ਬਿਲਕੁਲ ਉਸੇ ਤਰ੍ਹਾਂ, ਇਸ ਵਿਚ ਤਿੰਨ ਛੋਟੀਆਂ ਬਿੰਦੀਆਂ, ਮੈਂ ਕਿਹਾ, "ਉਹ ਕੀ ਹਨ?"

ਉਸ ਨੇ ਕਿਹਾ, "ਉਹ ਤਿੰਨ ਗੁਣਾਂ ਵਿਚ ਪਰਮੇਸ਼ੁਰ ਹੈ।"

ਮੈਂ ਕਿਹਾ, "ਜਿਵੇਂ ਪਿਤਾ, ਪੁੱਤਰ, ਅਤੇ ਪਵਿੱਤਰ ਆਤਮਾ?"

ਉਸਨੇ ਮੇਰੇ ਵੱਲ ਵੇਖਿਆ। ਉਸਨੇ ਕਿਹਾ, "ਕੀ ਤੁਸੀਂ ਵਿਸ਼ਵਾਸ ਕਰਦੇ ਹੋ?"

ਅਤੇ ਮੈਂ ਕਿਹਾ, "ਹਾਂ, ਸ਼੍ਰੀ ਮਾਨ।"

221 ਉਸਨੇ ਕਿਹਾ, "ਮੈਂ ਉਸ ਰਾਤ ਭੇਤ ਪ੍ਰਗਟ ਹੁੰਦੇ ਹੋਏ ਵੇਖੇ ਸਨ, ਮੈਂ ਸੋਚਿਆ ਤੁਸੀਂ ਪ੍ਰਭੂ ਦੇ ਨਬੀ ਹੋ।" ਕਿਹਾ, "ਪਰਮੇਸ਼ੁਰ ਤੁਹਾਡੇ ਦਿਲ ਨੂੰ ਅਸੀਸ ਦੇਵੇ।" ਆਪਣੀ ਬਾਂਹ ਮੇਰੇ ਦੁਆਲੇ ਪਾਈ, ਕਿਹਾ, "ਹੁਣ ਮੈਨੂੰ ਪਤਾ ਹੈ ਕਿ ਇਹ ਹੈ।" ਉਸਨੇ ਕਿਹਾ, "ਇਹ ਅਮਰੀਕੀ ਲੋਕ ਨਹੀਂ ਜਾਣਦੇ ਕਿ ਇਹ ਕੀ ਹੈ।" ਕਿਹਾ, "ਉਹ ਕੁਝ ਵੀ ਨਹੀਂ ਜਾਣਦੇ।" ਕਿਹਾ, "ਉਹ ਇਕ ਪੂਰਬੀ ਕਿਤਾਬ ਲੈਣ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਇਸ ਵਿਚੋਂ ਇਕ ਪੱਛਮੀ ਕਿਤਾਬ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਉਹ ਤਾਂ ਆਪਣੀ ਬਾਈਬਲ ਨੂੰ ਵੀ ਨਹੀਂ ਜਾਣਦੇ।" ਉਸ ਨੇ ਕਿਹਾ, "ਆਕਾਸ਼ ਦੇ ਹੇਠ ਕੋਈ ਹੋਰ ਨਾਮ ਨਹੀਂ ਦਿੱਤਾ ਗਿਆ, ਕੋਈ ਹੋਰ ਨਾਮ ਨਹੀਂ, ਕਿਉਂਕਿ ਹਰ ਕੋਈ ਯਿਸੂ ਮਸੀਹ ਦੇ ਨਾਮ ਤੇ ਬਪਤਿਸਮਾ ਲੈਂਦਾ ਸੀ। ਇੱਥੇ ਇਕ ਪਰਮੇਸ਼ੁਰ ਵਿੱਚ ਤਿੰਨ ਵਿਅਕਤੀਆਂ ਜਿਹੀ ਕੋਈ ਚੀਜ ਨਹੀਂ ਹੈ।" ਅਤੇ ਉਹ ਹੈ ਭਾਈ ਲਮਸਾ, ਡਾਕਟਰ ਲਮਸਾ, ਲਮਸਾ ਬਾਈਬਲ ਦਾ ਅਨੁਵਾਦਕ, ਜੋ ਆਈਸਨਹਾਵਰ ਅਤੇ ਦੁਨੀਆ ਦੇ ਸਾਰੇ ਮਹਾਨ ਰਾਜਦੂਤਾਂ ਦਾ ਜਿਗਰੀ ਦੋਸਤ ਹੈ, ਅਤੇ ਹੋਰ ਸਭ ਕੁਝ, ਆਪਣੀਆਂ ਬਾਹਾਂ ਮੇਰੇ ਦੁਆਲੇ ਸੁੱਟ ਦਿੱਤੀਆਂ, ਕਿਹਾ, "ਕਿਸੇ ਦਿਨ ਉਹ ਤੁਹਾਨੂੰ ਇਸ ਲਈ ਗੋਲੀ ਮਾਰ ਦੇਣਗੇ। ਪਰ," ਕਿਹਾ, "ਯਾਦ ਰੱਖੋ, ਉਹ ਸਾਰੇ ਲੋਕ ਕਿਸੇ ਕਾਰਨ ਲਈ ਮਰਦੇ ਹਨ।"

222 ਮੈਂ ਇਸ ਤਰ੍ਹਾਂ ਹੋਣਾ ਚਾਹੁੰਦਾ ਹਾਂ ਜਦੋਂ ਬੁਢਾ ਪਤਰਸ ਕੈਦ ਵਿੱਚ ਸੀ। ਉਥੇ ਇਕ ਛੋਟਾ ਜਿਹਾ ਲੜਕਾ ਸੀ ਅਤੇ ਉਹ ਘਬਰਾਇਆ ਹੋਇਆ ਸੀ। ਅਤੇ ਉਸਨੇ ਕਿਹਾ, "ਔਹ, ਕੀ ਗੱਲ ਹੈ?"

ਕਿਹਾ, "ਤੁਸੀਂ ਜਾਣਦੇ ਹੋ ਕਿ ਤੁਹਾਨੂੰ ਫਾਂਸੀ ਦਿੱਤੀ ਜਾ ਰਹੀ ਹੈ?"

ਪਤਰਸ ਨੇ ਕਿਹਾ, "ਹਾਂ।"

ਉਸਨੇ ਕਿਹਾ, "ਖੈਰ, ਅੱਜ ਤੁਸੀਂ ਮਰਨ ਜਾ ਰਹੇ ਹੋ।"

ਉਸ ਨੇ ਕਿਹਾ, "ਹਾਂ।"

ਉਸ ਨੇ ਕਿਹਾ, "ਅੱਛਾ, ਉਹ—ਉਹ…ਕੀ ਤੁਸੀਂ ਡਰਦੇ ਨਹੀਂ ਹੋ?"

ਉਸ ਨੇ ਕਿਹਾ, "ਨਹੀਂ।"

ਉਸ ਨੇ ਕਿਹਾ, "ਤੁਹਾਨੂੰ ਜਰੂਰ ਉਨ੍ਹਾਂ ਵਿੱਚੋਂ ਇਕ ਹੋਣਾ ਚਾਹੀਦਾ ਹੈ ਜਿਹਨਾਂ ਨੂੰ ਉਹ ਮਸੀਹ ਕਹਿੰਦੇ ਹਨ।"

ਉਸ ਨੇ ਕਿਹਾ, "ਹਾਂ।"

ਕਿਹਾ, "ਕੀ ਹੋਇਆ?"

223 ਅਤੇ ਉਸਨੇ ਉਸਨੂੰ ਦੱਸਿਆ, ਉਹ ਬੈਠ ਗਿਆ ਅਤੇ ਉਸਨੂੰ ਕਹਾਣੀ ਸੁਣਾ ਦਿੱਤੀ। ਅਤੇ ਜਿਵੇਂ ਜਿਵੇਂ ਉਹ ਕਹਾਣੀ ਸੁਣਾਉਂਦਾ ਗਿਆ, ਅੰਤ, ਉਸਨੇ ਕਿਹਾ, "ਅਤੇ ਮੈਂ ਅੱਜ ਸਵੇਰੇ ਆਜ਼ਾਦ ਹੋ ਸਕਦਾ ਸੀ। ਮੈਂ ਜਾ ਸਕਦਾ ਸੀ ਅਤੇ ਉਨ੍ਹਾਂ ਦੇ ਕੁਝ ਨਾਮਧਾਰੀ ਗਿਰਜਿਆਂ ਵਿਚ ਸ਼ਾਮਲ ਹੋ ਸਕਦਾ ਸੀ ਅਤੇ ਜੀਉਂਦਾ ਰਹਿ ਸਕਦਾ ਸੀ, ਵੇਖੋ। ਮੈਂ ਆਜ਼ਾਦ ਹੋ ਸਕਦਾ ਸੀ। ਪਰ ਮੈਂ ਸ਼ਹਿਰ ਦੇ ਫਾਟਕ ਵਲ ਨਿਗਾਹ ਕੀਤੀ, ਅਤੇ ਮੈਂ ਇੱਕ ਨੂੰ, ਅੰਦਰ ਆਉਂਦਾ ਵੇਖਿਆ। ਮੈਨੂੰ ਪਤਾ ਸੀ ਕਿ ਉਹ ਕੌਣ ਸੀ। ਮੈਂ ਕਿਹਾ, 'ਹੇ ਪ੍ਰਭੂ, ਤੁਸੀਂ ਕਿਥੇ ਜਾ ਰਹੇ ਹੋ?' ਉਸ ਨੇ ਕਿਹਾ, 'ਮੈਂ ਫਿਰ ਸਲੀਬ ਤੇ ਚੜ੍ਹਾਇਆ ਜਾ ਰਿਹਾ ਹਾਂ।'" ਕਿਹਾ, "ਮੈਂ ਹੁਣੇ ਵਾਪਸ ਆਵਾਂਗਾ।"

224 ਠੀਕ ਉਸੇ ਵੇਲੇ ਉਹਨਾਂ ਕਿਹਾ, "ਕਿਸਦਾ ਨਾਮ ਸ਼ਮਊਨ ਪਤਰਸ ਹੈ?"

ਉਸ ਨੇ ਕਿਹਾ, "ਮੈਂ ਹਾਜਰ ਹਾਂ!"

ਉਹਨਾਂ ਕਿਹਾ, "ਅਸੀਂ ਤੇਰੇ ਲਈ ਤਿਆਰ ਹਾਂ।"

ਉਸ ਨੇ ਕਿਹਾ, "ਮੈਂ ਤੁਹਾਡੀ ਉਡੀਕ ਕਰ ਰਿਹਾ ਸੀ।" ਉਹ ਉਸੇ ਵੇਲੇ ਤੁਰ ਪਿਆ।

225 ਉਸ ਮੁੰਡੇ ਨੇ ਉਸਨੂੰ ਮੋਢੇ ਤੇ ਛੋਹਿਆ, ਅਤੇ ਕਿਹਾ, "ਇੱਕ ਮਿੰਟ ਰੁਕੋ, ਸ਼ਮਊਨ; ਮੈਂ ਵੀ ਉਸ ਪਰਮੇਸ਼ੁਰ ਨੂੰ ਸਵੀਕਾਰਦਾ ਹਾਂ! ਅਤੇ ਹੁਣ ਮੈਂ ਨਹੀਂ ਡਰ ਰਿਹਾ; ਅਗਲੀ ਵਾਰੀ ਮੇਰੀ ਹੋਣ ਦਿਓ।" ਇਹ ਠੀਕ ਹੈ। ਹਾਲੇਲੂਯਾਹ!

ਰਹਿੰਦੀ ਹੈ...ਇਹ ਲਹੂ ਨਾਲ ਚੋ ਰਹੀ ਹੈ, ਹਾਂ, ਇਹ ਲਹੂ
ਨਾਲ ਚੋ ਰਿਹਾ ਹੈ,
ਇਹ ਪਵਿੱਤਰ ਆਤਮਾ ਦੀ ਖੁਸ਼ਖਬਰੀ ਲਹੂ ਨਾਲ ਚੋ
ਰਹੀ ਹੈ,
ਸੱਚਾਈ ਲਈ ਮਰਨ ਵਾਲੇ ਚੇਲਿਆਂ ਦਾ ਲਹੂ,
ਇਹ ਪਵਿੱਤਰ ਆਤਮਾ ਦੀ ਖੁਸ਼ਖਬਰੀ ਲਹੂ ਨਾਲ ਚੋਂਦੀ
ਰਹਿੰਦੀ ਹੈ।

ਸਭ ਤੋਂ ਪਹਿਲਾਂ ਇਸ ਪਵਿੱਤਰ ਆਤਮਾ ਦੀ ਯੋਜਨਾ ਲਈ ਮਰਨ ਵਾਲਾ,
ਯੂਹੰਨਾ ਬਪਤਿਸਮਾ ਦੇਣ ਵਾਲਾ ਸੀ, ਪਰ ਉਹ ਇੱਕ ਆਦਮੀ ਵਾਂਗ ਮਰ ਗਿਆ;
ਤਦ ਪ੍ਰਭੂ ਯਿਸੂ ਆਇਆ, ਉਨ੍ਹਾਂ ਨੇ ਉਸਨੂੰ ਸਲੀਬ ਦਿੱਤੀ,
ਉਸਨੇ ਪ੍ਰਚਾਰ ਕੀਤਾ ਕਿ ਆਤਮਾ ਮਨੁੱਖਾਂ ਨੂੰ ਪਾਪ ਤੋਂ ਬਚਾਏਗੀ।

ਉਥੇ ਪਤਰਸ ਅਤੇ ਪੌਲੁਸ ਹਨ, ਅਤੇ ਯੂਹੰਨਾ,
ਉਨ੍ਹਾਂ ਨੇ ਆਪਣੀਆਂ ਜਾਨਾਂ ਦੇ ਦਿੱਤੀਆਂ ਤਾਂ ਜੋ ਖੁਸ਼ਖਬਰੀ ਚਮਕ ਸਕੇ;
ਉਨ੍ਹਾਂ ਨੇ ਆਪਣੇ ਲਹੂ ਨੂੰ ਮਿਲਾਇਆ, ਪੁਰਾਣੇ ਨਬੀਆਂ ਵਾਂਗ,
ਇਸੇ ਲਈ ਪਰਮੇਸ਼ੁਰ ਦਾ ਸੱਚਾ ਵਚਨ ਈਮਾਨਦਾਰੀ ਨਾਲ ਦੱਸਿਆ ਜਾ ਸਕਦਾ ਹੈ।

ਉਥੇ ਪ੍ਰਾਣ ਹਨ ਜਿਹੜੇ ਜਗਵੇਦੀ ਦੇ ਹੇਠਾਂ, ਪੁਕਾਰ ਰਹੇ ਹਨ, "ਹੋਰ ਕਿੰਨਾ ਚਿਰ?"
ਜਦੋਂ ਪ੍ਰਭੂ ਉਨ੍ਹਾਂ ਲੋਕਾਂ ਨੂੰ ਸਜ਼ਾ ਦੇਵੇਗਾ ਜਿਨ੍ਹਾਂ ਨੇ ਗਲਤ ਕੰਮ ਕੀਤੇ ਹਨ; (ਸੁਣੋ!)
ਪਰ ਹੋਰ ਵੀ ਹੋਣਗੇ ਜੋ ਆਪਣੀ ਜ਼ਿੰਦਗੀ ਦਾ ਲਹੂ ਦੇਣਗੇ
ਇਸ ਪਵਿੱਤਰ ਆਤਮਾ ਦੀ ਇੰਜੀਲ ਅਤੇ ਇਸ ਦੇ ਲਾਲ ਸੂਹੇ ਹੜ ਲਈ।

ਇਹ ਲਹੂ ਨਾਲ ਚੋਂਦੀ ਹੈ, ਹਾਂ, ਇਹ ਲਹੂ ਨਾਲ ਚੋ ਰਹੀ ਹੈ,
ਇਸ ਪਵਿੱਤਰ ਆਤਮਾ ਦੀ ਖੁਸ਼ਖਬਰੀ ਤੋਂ ਲਹੂ...ਚੋ ਰਿਹਾ ਹੈ,
ਸੱਚਾਈ ਲਈ ਮਰਨ ਵਾਲੇ ਚੇਲਿਆਂ ਦਾ ਲਹੂ,
ਪਵਿੱਤਰ ਆਤਮਾ ਦੀ ਇਹ ਖੁਸ਼ਖਬਰੀ ਲਹੂ ਨਾਲ ਚੋ ਰਹੀ ਹੈ।

226 ਸਾਡੇ ਜਾਣ ਤੋਂ ਪਹਿਲਾਂ ਸਿਰਫ ਇਕ ਵਚਨ:

*...ਜਾਂ ਉਨ੍ਹਾਂ ਨੇ ਇਹ ਸੁਣਿਆ ਤਾਂ...ਉਨ੍ਹਾਂ ਦੇ ਦਿਲ ਛਿਦ ਗਏ ਅਤੇ...ਪਤਰਸ ਅਰ ਬਾਕੀ ਦੇ ਰਸੂਲਾਂ ਨੂੰ ਕਿਹਾ ਕਿ ਹੇ ਭਾਈਓ ਅਸੀਂ ਕੀ ਕਰੀਏ ਤਾਂ ਜੋ ਬਚਾਏ ਜਾਈਏ?*

*...ਤਦ ਪਤਰਸ ਨੇ ਉਨ੍ਹਾਂ ਨੂੰ ਆਖਿਆ, ਤੋਬਾ ਕਰੋ ਅਤੇ ਤੁਹਾਡੇ ਵਿੱਚੋਂ ਹਰੇਕ ਯਿਸੂ ਮਸੀਹ ਦੇ ਨਾਮ ਉੱਤੇ ਬਪਤਿਸਮਾ ਲਵੇ ਆਪੋ ਆਪਣੇ ਪਾਪਾਂ ਦੀ ਮਾਫ਼ੀ ਦੇ ਲਈ, ਤਾਂ ਤੁਸੀਂ ਪਵਿੱਤ੍ਰ ਆਤਮਾ ਦਾ ਦਾਨ ਪਾਓਗੇ।*

*ਕਿਉਂਕਿ ਇਹ ਕਰਾਰ ਤੁਹਾਡੇ ਅਰ ਤੁਹਾਡੇ ਬਾਲਕਾਂ ਦੇ ਨਾਲ ਹੈ, ਅਤੇ ਓਹਨਾਂ ਸਭਨਾਂ ਨਾਲ ਜਿਹੜੇ ਦੂਰ ਹਨ, ਜਿੰਨਿਆਂ ਨੂੰ ਪ੍ਰਭੁ ਸਾਡਾ ਪਰਮੇਸ਼ੁਰ ਆਪਣੇ ਕੋਲ ਬੁਲਾਵੇ।*

227 ਪ੍ਰਭੂ ਹੁਣ ਅਸੀਸ ਦਵੇ। ਜਦ ਅਸੀਂ ਰਸਤੇ ਤੋਂ ਬਾਹਰ ਆ ਜਾਂਦੇ ਹਾਂ, ਤੁਸੀਂ ਬਪਤਿਸਮਾ ਦੇਖ ਸਕਦੇ ਹੋ ਜਿਵੇਂ ਕਿ ਅਸੀਂ...?...

**ਲੇਪਾਲਕਪਣ** *3* PUN60-0522M

(Adoption 3)

**ਲੇਪਾਲਕਪਣ ਲੜੀ**

ਭਾਈ ਵਿਲੀਅਮ ਮੈਰੀਅਨ ਬ੍ਰਨਹਾਮ ਦਾ ਇਹ ਸੰਦੇਸ਼, ਮੂਲ ਰੂਪ ਵਿਚ ਲਈ ਅੰਗ੍ਰੇਜ਼ੀ ਵਿਚ ਦਿੱਤਾ ਗਿਆ ਸੀ ਐਤਵਾਰ ਸ਼ਾਮ, 22 ਮਈ, 1960 ਨੂੰ, ਬ੍ਰਨਹਾਮ ਟੇਬਰਨੇਕਲ ਜੈਫ਼ਰਸਨਵਿਲ, ਇੰਡਿਆਨਾ, ਸੰਯੁਕਤ ਰਾਜ ਅਮਰੀਕਾ, ਇਸ ਨੂੰ ਇਕ ਚੁੰਬਕੀ ਟੇਪ ਰਿਕਾਰਡਿੰਗ ਤੋਂ ਲਿਆ ਗਿਆ ਹੈ ਅਤੇ ਅੰਗਰੇਜ਼ੀ ਵਿਚ ਬਿਨਾਂ ਘਟਾਏ ਵਧਾਏ ਛਾਪਿਆ ਗਿਆ ਹੈ। ਇਹ ਪੰਜਾਬੀ ਅਨੁਵਾਦ ਵਾਇਸ ਆਫ਼ ਗੌਡ ਰਿਕਾਰਡਿੰਗਜ਼ ਦੁਆਰਾ ਛਾਪਿਆ ਅਤੇ ਵੰਡਿਆ ਗਿਆ ਸੀ।

PUNJABI

©2021 VGR, ALL RIGHTS RESERVED

VOICE OF GOD RECORDINGS, INDIA OFFICE
19 (NEW NO: 28) SHENOY ROAD, NUNGAMBAKKAM
CHENNAI 600 034, INDIA
044 28274560 • 044 28251791
india@vgroffice.org

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org

# ਕਾਪੀਰਾਈਟ ਨੋਟਸਿ

ਸਾਰੇ ਹੱਕ ਰਾਖਵੇਂ ਹਨ । ਇਹ ਕਤਿਾਬ ਨਜਿੀ ਵਰਤੋਂ ਜਾਂ ਯਸਿੂ ਮਸੀਹ ਦੇ ਸੁਭਸਮਚਾਰ ਦੇ ਪ੍ਰਸਾਰ ਵਾਸਤੇ ਮੁਫ਼ਤ ਵੰਡਣ ਲਈ, ਘਰੇਲੂ ਪ੍ਰਟਿੰਰ ਤੇ ਛਾਪੀ ਜਾ ਸਕਦੀ ਹੈ । ਇਹ ਕਤਿਾਬ ਵੋਇਸ ਆਫ ਗੋਡ ਰਕਿਾਰਡਗਿੰਜ® ਵਲੋਂ ਲਖਿਤੀ ਇਜਾ਼ਜ਼ਤ ਦੇ ਬਨਿਾ ਵੇਚੀ, ਵੱਡੇ ਪੈਮਾਨੇ ਤੇ ਦੁਬਾਰਾ ਛਾਪੀ, ਕਸਿੇ ਵੈਬਸਾਈਟ ਤੇ ਪੋਸਟ, ਕਸਿੇ ਰੀਟਰੀਵਲ ਸਸਿਟਮ ਤੇ ਸਟੋਰ, ਕਸਿੇ ਹੋਰ ਭਾਸ਼ਾ ਵਚਿ ਅਨੁਵਾਦ, ਜਾਂ ਪੈਸੇ ਦੀ ਮੰਗ ਲਈ ਨਹੀਂ ਵਰਤੀ ਜਾ ਸਕਦੀ ਹੈ । ਵਧੇਰੇ ਜਾਣਕਾਰੀ ਜਾਂ ਹੋਰ ਉਪਲੱਬਧ ਸਮਗਰੀ ਦੇ ਲਈ, ਕਰਿਪਾ ਕਰੇ ਸੰਪਰਕ ਕਰੋ:



Voice Of God Recordings
P.O. Box 950, Jeffersonville, Indiana 47131 U.S.A.
www.branham.org